Mazdoor Ekta Lehar .Vol. 6, No. 4 April 2014 Price Rs. 5

http://www.cgpi.org

ਆਉਣ ਵਾਲੇ ਇਨਕਲਾਬੀ ਝੱਖੜਾਂ ਲਈ ਤਿਆਰੀ ਕਰੋ

# ਮਜ਼ਦੂਰ ਏਕਤਾ ਲਹਿਰ

ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ ਦੀ ਕੇਂਦਰੀ ਕਮੇਟੀ ਦਾ ਅਖ਼ਬਾਰ

ਜਿਲਦ 6, ਅੰਕ 4 ਮਾਸਕ — ਮੁੱਲ 5 ਰੁ ਅਪ੍ਰੈਲ 2014

# ਭ੍ਰਿਸ਼ਟਾਚਾਰ, ਪੂੰਜੀਵਾਦ ਅਤੇ ਹਿੰਦੋਸਤਾਨੀ ਰਾਜ

## ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ ਦੇ ਜਨਰਲ ਸਕੱਤਰ, ਕਾਮਰੇਡ ਲਾਲ ਸਿੰਘ, ਦੀ ਮਜ਼ਦੂਰ ਏਕਤਾ ਲਹਿਰ ਦੇ ਸੰਪਾਦਕ, ਕਾਮਰੇਡ ਚੰਦਰਭਾਨ ਨਾਲ ਇੰਟਰਵਿਊ

**ਚੰਦਰਭਾਨ: ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ ਦਾ ਭ੍ਰਿਸ਼ਟਾਚਾਰ ਦੀ ਸਮੱਸਿਆ ਬਾਰੇ ਕੀ ਵਿਚਾਰ ਹੈ?**

**ਲਾਲ ਸਿੰਘ:** ਸਰਕਾਰੀ ਪਦਵੀ ਨਿੱਜੀ ਮੁਨਾਫੇ ਵਾਸਤੇ ਇਸਤੇਮਾਲ ਕੀਤੇ ਜਾਣ ਨੂੰ ਭ੍ਰਿਸ਼ਟਾਚਾਰ ਮੰਨਿਆਂ ਜਾਂਦਾ ਹੈ। ਜਿਨ੍ਹਾਂ ਲੋਕਾਂ ਨੂੰ ਜਨਤਾ ਦੀ ਸੇਵਾ ਕਰਨੀ ਚਾਹੀਦੀ ਹੈ, ਉਨ੍ਹਾਂ ਦੀਆਂ ਖ਼ੁਦਗਰਜ਼ ਕਾਰਵਾਈਆਂ ਨੂੰ ਭ੍ਰਿਸ਼ਟਾਚਾਰ ਮੰਨਿਆਂ ਜਾਂਦਾ ਹੈ।

ਅੱਜ ਤੋਂ 2500 ਸਾਲ ਪਹਿਲਾਂ ਲਿਖੇ ਗਏ ਅਰਥ ਸ਼ਾਸਤਰ ਵਿਚ ਵਿਸਤਾਰ ਪੂਰਬਕ ਸਮਝਾਇਆ ਗਿਆ ਹੈ ਕਿ ਰਾਜ ਦੇ ਖਜ਼ਾਨੇ ਨੂੰ ਕਿੰਨ੍ਹਾਂ ਤਰੀਕਿਆਂ ਨਾਲ ਲੁੱਟਿਆ ਜਾ ਸਕਦਾ ਹੈ ਅਤੇ ਸਰਕਾਰੀ ਧਨ ਦਾ ਦੁਰਉਪਯੋਗ ਜਾਂ ਗਲਤ ਹਿਸਾਬ ਕਿਤਾਬ ਦਿੱਤਾ ਜਾ ਸਕਦਾ ਹੈ। ਇਸ ਤੋਂ ਅਸੀਂ ਇਸ ਨਤੀਜੇ ਤੇ ਪਹੁੰਚ ਸਕਦੇ ਹਾਂ ਕਿ ਭ੍ਰਿਸ਼ਟਾਚਾਰ ਕੋਈ ਨਵੀਂ ਸਮੱਸਿਆ ਨਹੀਂ ਹੈ। ਭ੍ਰਿਸ਼ਟਾਚਾਰ ਓਨਾ ਹੀ ਪੁਰਾਣਾ ਹੈ ਜਿਨਾ ਕਿ ਸਮਾਜ ਦੀ ਆਪਸੀ ਵਿਰੋਧੀ ਹਿੱਤਾਂ ਵਾਲੀਆਂ ਜਮਾਤਾਂ ਵਿਚ ਵੰਡ।

ਅੱਜ ਭ੍ਰਿਸ਼ਟਾਚਾਰ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਵਧ ਚੁੱਕਾ ਹੈ। ਇਸਦਾ ਕਾਰਨ ਇਹ ਹੈ ਕਿ ਅੱਜ ਦੇ ਸਮਾਜ ਵਿਚ ਨਿੱਜੀ ਜਾਇਦਾਦ ਅਤੇ ਨਿੱਜੀ ਮੁਨਾਫੇ ਦਾ ਉਦੇਸ਼ ਹੀ ਪ੍ਰਧਾਨ ਬਣ ਗਿਆ ਹੈ ਅਤੇ ਇਸਦਾ ਅਸਰ ਪੂਰੇ ਸਮਾਜ ਉਤੇ ਹੈ।

ਮੇਰੇ ਬਚਪਨ ਦੇ ਦਿਨਾਂ ਵਿਚ ਕਿਸਾਨ ਪ੍ਰਵਾਰਾਂ ਵਿਚ ਦੁੱਧ ਵੇਚਣ ਦਾ ਰਿਵਾਜ ਨਹੀਂ ਸੀ। ਜੇਕਰ ਕਿਸੇ ਨੂੰ ਦੁੱਧ ਦੀ ਲੋੜ ਪੈ ਜਾਂਦੀ ਸੀ ਤਾਂ ਅਸੀਂ ਆਪਣੇ ਗੁਆਂਢੀਆਂ ਤੋਂ ਲੈ ਲੈਂਦੇ ਸੀ। ਲੋਕ ਆਪਣੇ ਪਿੰਡ ਦੀ ਸਾਂਝੀ ਖੁਸ਼ਹਾਲੀ ਬਾਰੇ ਸੋਚਦੇ ਸਨ। ਲੇਕਿਨ ਸਰਮਾਏਦਾਰੀ ਦੇ ਵਿਕਾਸ ਨੇ ਨਾਲ ਨਾਲ, ਹਰ ਖੇਤਰ ਵਿਚ ਨਿੱਜ-ਵਾਦ ਨੂੰ ਬਹੁਤ ਤਰਜੀਹ ਦਿੱਤੀ ਜਾਂਦੀ ਹੈ। ਅੱਜ ਬਹੁਤੇ ਲੋਕ ਆਪਣੇ ਨਿੱਜੀ ਹਿੱਤਾਂ ਵਾਰੇ ਹੀ ਸੋਚਦੇ ਹਨ। ਜਿਨ੍ਹਾਂ ਚੀਜ਼ਾਂ ਨੂੰ ਸਮਾਜ ਵਿਚ ਪਵਿੱਤਰ ਸਮਝਿਆ ਜਾਂਦਾ ਸੀ, ਅੱਜ ਉਹ ਸੱਭ ਵਿਕਾਊ ਵਸਤੂਆਂ ਬਣਾ ਦਿੱਤੀਆਂ ਗਈਆਂ ਹਨ।

ਅੱਜ ਹਰ ਚੀਜ਼ ਨੂੰ ਪੈਸੇ ਨਾਲ ਖ਼ੀਦਿਆ ਜਾ ਸਕਦਾ ਹੈ -- ਸਰਕਾਰੀ ਪਦਵੀ, ਮੰਤਰੀ ਦੀ ਪਦਵੀ ਅਤੇ ਅਦਾਲਤ ਦੇ ਫੈਸਲੇ ਵੀ। ਹਰ ਕਿਸਮ ਦੇ ਸਮਾਜਿਕ ਕੰਮਾਂ ਨੂੰ ਸਰਮਾਏਦਾਰਾਂ ਦੇ ਅਧਿਕ ਮੁਨਾਫੇ ਬਣਾਉਣ ਦਾ ਸੋਮਾ ਬਣਾ ਦਿੱਤਾ ਗਿਆ ਹੈ। ਹਸਪਤਾਲ ਵੀ ਇੱਕ ਵਪਾਰਿਕ ਧੰਦਾ ਬਣ ਗਏ ਹਨ। ਸਕੂਲਾਂ ਅਤੇ ਕਾਲਜਾਂ ਬਾਰੇ ਵੀ ਇਹੀ ਸੱਚ ਹੈ। ਰੱਬ ਅਤੇ ਪੂਜਾ-ਪਾਠ ਵੀ ਬਹੁਤ ਮੁਨਾਫੇਦਾਰ ਧੰਦੇ ਬਣ ਗਏ ਹਨ।

ਪੂੰਜੀਵਾਦ ਅੱਜ ਉਸ ਪੜਾਅ 'ਤੇ ਪਹੁੰਚ ਚੁੱਕਾ ਹੈ, ਜਿੱਥੇ ਆਰਥਿਕ ਅਤੇ ਰਾਜਨੀਤਕ ਸੱਤਾ ਬਹੁਤ ਹੀ ਸਕੇਂਦਰਿਤ ਹੋ ਚੁੱਕੀ ਹੈ ਅਤੇ ਸਰਕਾਰੀ ਅਮਲਾ-ਫੈਲਾ ਮੁੱਠੀ ਭਰ ਅਰਬਾਂ ਪਤੀਆਂ ਦੇ ਹਿੱਤਾਂ ਅਨੁਸਾਰ ਹੀ ਕੰਮ ਕਰਦਾ ਹੈ। ਇਹ ਸਿਰਫ ਆਪਣੇ ਦੇਸ਼ ਵਿਚ ਹੀ ਨਹੀਂ ਬਲਕਿ ਸਾਰੀ ਦੁਨੀਆਂ ਵਿਚ ਹੋ ਰਿਹਾ ਹੈ। ਵੱਡੀਆਂ ਬੈਂਕਾਂ, ਸੱਟਾਬਾਜ਼ਾਰ ਅਤੇ ਸਰਕਾਰ ਦਾ ਆਪਸ ਵਿਚ ਬਹੁਤ ਨਜ਼ਦੀਕੀ ਦਾ ਗਠਬੰਧਨ ਹੈ। ਚੁਣੀਆਂ ਹੋਈਆਂ ਸਰਕਾਰਾਂ ਜੋ ਜਨਆਦੇਸ਼ ਪ੍ਰਾਪਤ ਕਰਨ ਦਾ ਦਾਅਵਾ ਕਰਦੀਆਂ ਹਨ, ਉਹ ਵੱਡੇ ਵੱਡੇ ਅਰਬਾਂ ਪਤੀਆਂ ਅਤੇ ਵੱਡੀਆਂ ਕੰਪਨੀਆਂ ਦੇ ਪ੍ਰਧਾਨਾਂ ਦੇ ਆਦੇਸ਼ ਅਨੁਸਾਰ ਕੰਮ ਕਰਦੀਆਂ ਹਨ।

ਨਿੱਜੀ ਮੁਨਾਫੇ ਦੇ ਮਕਸਦ ਦਾ ਭਾਰੂ ਹੋ ਜਾਣਾ ਅਤੇ ਜ਼ਿੰਦਗੀ ਦੇ ਹਰ ਖੇਤਰ ਵਿਚ ਪੂੰਜੀਵਾਦੀ ਅਜਾਰੇਦਾਰ ਕੰਪਨੀਆਂ ਦਾ ਹਾਵੀ ਹੋ ਜਾਣਾ ਹੀ ਇਹ ਵਜ੍ਹਾ ਹੈ ਕਿ ਅੱਜ ਭ੍ਰਿਸ਼ਟਾਚਾਰ ਪਹਿਲਾਂ ਨਾਲੋਂ ਕਈ ਗੁਣਾ ਜ਼ਿਆਦਾ ਵਧ ਗਿਆ ਹੈ। ਖ਼ੁਦਗਰਜ਼ ਹੋਣਾ ਇੱਕ ਬਹੁਤ ਵੱਡਾ ਗੁਣ ਸਮਝਿਆ ਜਾਣ ਲੱਗ ਪਿਆ ਹੈ।

ਹਰ ਦੇਸ਼ ਵਿਚ ਭ੍ਰਿਸ਼ਟਾਚਾਰ ਦਾ ਆਪਣਾ ਵੱਖਰਾ ਰੂਪ ਹੈ ਅਤੇ ਇਹ ਹਰ ਦੇਸ਼ ਵਿਚ ਰਾਜ ਅਤੇ ਪੂੰਜੀਵਾਦ ਦੇ ਇਤਿਹਾਸਿਕ ਵਿਕਾਸ ਉਤੇ ਨਿਰਭਰ ਕਰਦਾ ਹੈ।

ਸਾਡੇ ਦੇਸ਼ ਵਿਚ ਭ੍ਰਿਸ਼ਟਾਚਾਰ ਦੀ ਖਾਸ ਵਿਸ਼ੇਸ਼ਤਾਈ ਇਹ ਹੈ ਕਿ ਇਸਨੇ ਰਾਜ ਤੰਤਰ ਵਿਚ ਉਪਰ ਤੋਂ ਲੈ ਕੇ ਹੇਠਾਂ ਤਕ ਘਰ ਕੀਤਾ ਹੋਇਆ ਹੈ। ਗੱਡੀ ਚਲਾਉਣ ਦਾ ਲਾਇਸੈਂਸ, ਪਾਣੀ ਦਾ ਕਨੈਕਸ਼ਨ ਜਾਂ ਕੋਈ ਹੋਰ ਬੁਨਿਆਦੀ ਸੇਵਾ ਪ੍ਰਾਪਤ ਕਰਨ ਵਾਸਤੇ ਭੀ ਸਾਨੂੰ ਰਿਸ਼ਵਤ ਦੇਣੀ ਪੈਂਦੀ ਹੈ। ਇਹ ਮੇਹਨਤਕਸ਼ ਲੋਕਾਂ ਦੀ ਪਹਿਲਾਂ ਹੀ ਹੋ ਰਹੀ ਲੁੱਟ ਵਿਚ ਇੱਕ ਹੋਰ ਵਾਧਾ ਹੈ ਅਤੇ ਇਸ ਨਾਲ ਉਨ੍ਹਾਂ ਦੇ ਮੋਢਿਆਂ ਉਤੇ ਆਰਥਿਕ ਭਾਰ ਹੋਰ ਵਧ ਜਾਂਦਾ ਹੈ। ਕੰਮਾਂ ਉਤੇ ਅੱਤ ਦੀ ਲੁੱਟ, ਪੂੰਜੀਵਾਦੀ ਬਜ਼ਾਰ ਵਿਚ ਲੁੱਟ, ਵਧ ਰਹੇ ਟੈਕਸ ਅਤੇ ਮੁਦਰਾਸਫੀਤੀ ਦੇ ਬੋਝ ਥੱਲੇ ਦੱਬੇ ਹੋਏ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਉਹ ਕੁੱਝ ਪ੍ਰਾਪਤ ਕਰਨ ਵਾਸਤੇ ਵੀ ਵੱਢੀ ਦੇਣੀ ਪੈਂਦੀ ਹੈ ਜੋ ਅਸਲੀਅਤ ਵਿਚ ਉਨ੍ਹਾਂ ਦਾ ਆਪਣਾ ਹੁੰਦਾ ਹੈ, ਅਤੇ ਇਸ ਤਰ੍ਹਾਂ ਰਿਸ਼ਵਤ ਦਾ ਵਧੇਰੇ ਭਾਰ ਝੱਲਣਾ ਪੈਂਦਾ ਹੈ।

ਬਾਕੀ ਸਫਾ 2 'ਤੇ

## ਅੰਦਰ ਪੜ੍ਹੋ

ਵਧ ਰਹੇ ਫਾਸ਼ੀਵਾਦ ਦੀ ਨਿਖੇਧੀ ਕਰੋ 10
ਅੰਤਰਰਾਸ਼ਟਰੀ ਮਹਿਲਾ ਦਿਵਸ, ਦਿੱਲੀ 11
ਵਰਲੀ, ਮੁੰਬਈ ਵਿਚ ਅੰਤਰਰਾਸ਼ਟਰੀ ਮਹਿਲਾ ਦਿਵਸ 12
ਮੁੰਬਈ ਵਿਚ ਕਾਮਗਾਰ ਏਕਤਾ ਕਮੇਟੀ ਦਾ ਅਜਲਾਸ 13
ਸਹਾਇਕ ਰੇਲ ਚਾਲਕਾਂ ਦੀ ਮੰਗ ਨੂੰ ਲੈ ਕੇ ਅੰਦੋਲਨ 15
ਯੂਕਰੇਨ ਵਿਚ ਸਾਮਰਾਜਵਾਦ ਵਲੋਂ ਉਤਸ਼ਾਹਤ ਕੀਤੇ ਗ੍ਰਹਿ ਯੁੱਧ 16
ਸਾਮਰਾਜਵਾਦੀਓ, ਵੈਨਜ਼ੂਏਲਾ ਤੋਂ ਲਾਂਭੇ ਹੋ ਜਾਓ! 17
ਸ਼ਹੀਦੀ ਦਿਵਸ 'ਤੇ ਇੰਗਲੈਂਡ ਵਿੱਚ ਜੋਸ਼ੀਲਾ ਸਮਾਗਮ 18

# ਭ੍ਰਿਸ਼ਟਾਚਾਰ, ਪੂੰਜੀਵਾਦ ਅਤੇ ਹਿੰਦੋਸਤਾਨੀ ਰਾਜ

ਸਫਾ 1 ਦੀ ਬਾਕੀ

ਜਨਤਾ ਨੂੰ ਲੁੱਟਣ ਦਾ ਹਿੰਦੋਸਤਾਨੀ ਰਾਜ ਦਾ ਇਹ ਖਾਸਾ ਬਸਤੀਵਾਦ ਵੇਲੇ ਦੀ ਵਿਰਾਸਤ ਹੈ। ਜਿਹੜੇ ਰਾਜਨੀਤਕ ਸੰਸਥਾਨ ਅਤੇ ਰਾਜ ਮਸ਼ੀਨਰੀ ਹਿੰਦੋਸਤਾਨ ਨੂੰ ਗੁਲਾਮ ਰੱਖਣ ਵਾਸਤੇ ਬਣਾਏ ਗਏ ਸਨ, ਉਨ੍ਹਾਂ ਨੂੰ ਹਿੰਦੋਸਤਾਨ ਦੀ ਸਰਮਾਏਦਾਰੀ ਨੇ 1947 ਤੋਂ ਬਾਅਦ ਬਰਕਰਾਰ ਰੱਖਿਆ, ਇਸ ਕਰਕੇ ਹਿੰਦੋਸਤਾਨੀ ਰਾਜ ਦਾ ਵੀ ਉਹੀ ਖਾਸਾ ਹੈ।

1857 ਦੇ ਮਹਾਨ ਗ਼ਦਰ ਨੂੰ ਦਬਾਉਣ ਤੋਂ ਬਾਅਦ , ਬਰਤਾਨਵੀ ਬਸਤੀਵਾਦੀਆਂ ਨੇ ਇੱਕ ਅਜੇਹਾ ਰਾਜ ਕਾਇਮ ਕੀਤਾ ਜਿਸਦਾ ਮੁੱਖ ਉਦੇਸ਼ ਹਿੰਦੋਸਤਾਨ ਦੀ ਵੱਧ ਤੋਂ ਵੱਧ ਲੁੱਟ ਕਰਨਾ ਸੌਖਾ ਬਣਾਉਣਾ ਸੀ। ਸਾਡੇ ਲੋਕ ਗੁਲਾਮ ਸਨ, ਜਿਨ੍ਹਾਂ ਨੂੰ ਕੋਈ ਵੀ ਅਧਿਕਾਰ ਪ੍ਰਾਪਤ ਨਹੀਂ ਸਨ। ਕੁੱਝ ਇੱਕ ਗ਼ਦਾਰਾਂ ਅਤੇ ਬਸਤੀਵਾਦੀਆਂ ਦਾ ਸਾਥ ਦੇਣ ਵਾਲਿਆਂ ਨੂੰ ਜ਼ਮੀਨ ਅਤੇ ਸਨਅਤੀ ਲਾਇਸੈਂਸ ਅਤੇ ਹੋਰ ਵਿਸ਼ੇਸ਼ ਅਧਿਕਾਰ, ਇਨਾਮ ਵਜੋਂ ਦਿੱਤੇ ਗਏ ਸਨ। ਇਸ ਤਰ੍ਹਾਂ ਵੱਡੇ ਜਗੀਰਦਾਰਾਂ ਅਤੇ ਸਰਮਾਏਦਾਰਾਂ ਜਨਮ ਹੋਇਆ, ਜਾਣੀ ਕਿ ਗ਼ੱਦਾਰ ਵਰਗ, ਜਿਹੜੇ ਆਪਣੇ ਆਪ ਨੂੰ ਅਮੀਰ ਬਣਾਉਣ ਵਾਸਤੇ ਦੇਸ਼ ਨੂੰ ਦੁਸ਼ਮਣ ਦੇ ਹੱਥਾਂ ਵਿਚ ਵੇਚਣ ਵਾਸਤੇ ਤਿਆਰ ਸਨ।

ਇਸ ਗ਼ੱਦਾਰ ਸਰਮਾਏਦਾਰੀ, ਜਿਨ੍ਹਾਂ ਦੀ ਪ੍ਰਤੀਨਿਧਤਾ ਕਾਂਗਰਸ ਪਾਰਟੀ ਕਰਦੀ ਸੀ, ਨੇ ਬਸਤੀਵਾਦ ਤੋਂ ਬਾਅਦ, ਹਿੰਦੋਸਤਾਨੀ ਗਣਰਾਜ ਦੇ ਅਧਾਰ ਦੇ ਤੌਰ ਉਤੇ ਬਸਤੀਵਾਦੀ ਸੱਤਾ ਦੇ ਤੰਤਰਾਂ ਨੂੰ ਬਰਕਰਾਰ ਰੱਖਣ ਦਾ ਫੈਸਲਾ ਕੀਤਾ, ਤਾਂ ਕਿ ਉਹ ਖੁਦ ਇਸ ਗਣਰਾਜ ਦੇ ਚਾਲਕ ਦੀ ਗੱਦੀ 'ਤੇ ਬੈਠ ਕੇ ਦੇਸ਼ ਦੀ ਲੁੱਟ ਨੂੰ ਜਾਰੀ ਰੱਖ ਸਕਣ।

ਅੱਜ ਤੁਸੀਂ ਕਿਸੇ ਵੀ ਸਰਕਾਰੀ ਦਫਤਰ ਵਿਚ ਚਲੇ ਜਾਓ, ਜੇਕਰ ਤਾਂ ਉਨ੍ਹਾਂ ਨੂੰ ਲੱਗੇ ਕਿ ਤੁਸੀਂ ਸ਼ਾਸਕ ਵਰਗ ਵਿਚੋਂ ਹੋ ਤਾਂ ਤੁਹਾਡੀ "ਜੀ ਹਜ਼ੂਰੀ" ਕੀਤੀ ਜਾਵੇਗੀ, ਤੁਹਾਨੂੰ ਅਫਸਰ ਦੇ ਕਮਰੇ ਵਿਚ ਜਾਣ ਦਿੱਤਾ ਜਾਵੇਗਾ। ਜੇਕਰ ਨਹੀਂ, ਤਾਂ ਉਹ ਤੁਹਾਨੂੰ ਇੱਕ ਲੰਬੀ ਲਾਈਨ ਵਿਚ ਖੜ੍ਹਾ ਰੱਖਣਗੇ ਅਤੇ ਪੂਰਾ ਦਿਨ ਖਰਾਬ ਕਰਨ ਤੋਂ ਬਾਅਦ ਤੁਹਾਨੂੰ ਅਗਲੇ ਦਿਨ ਆਉਣ ਲਈ ਕਿਹਾ ਜਾਵੇਗਾ।

ਹਿੰਦੋਸਤਾਨ ਦੇ ਵੱਡੇ ਸਨਅਤੀ ਘਰਾਣੇ, ਬਹੁਰਾਸ਼ਟਰੀ ਕੰਪਨੀਆਂ ਅਤੇ ਵਿਸ਼ਵ ਪੱਧਰ ਦੇ ਹਥਿਆਰਾਂ ਦੇ ਵਪਾਰੀ ਆਪਣੇ ਪੈਸੇ ਦਾ ਪ੍ਰਯੋਗ ਕਰਕੇ ਵੱਡੇ ਅਫਸਰਾਂ ਅਤੇ ਮੰਤਰੀਆਂ ਨੂੰ ਵੱਢੀ ਦੇਕੇ ਆਪਣਾ ਕੰਮ ਕਰਵਾਉਂਦੇ ਹਨ। ਇਸ ਤਰ੍ਹਾਂ ਰਾਜ ਦੇ ਉੱਚ ਪੱਧਰ ਦੇ ਅਫਸਰ ਭ੍ਰਿਸ਼ਟ ਬਣ ਜਾਂਦੇ ਹਨ। ਵੱਡੇ ਸਰਮਾਏਦਾਰ ਉਨ੍ਹਾਂ ਨੂੰ ਪੈਸੇ ਦੇ ਕੇ ਅਤੇ ਸੇਵਾ-ਨਿਵਰਤੀ (ਰੀਟਾਇਰਮੈਂਟ) ਤੋਂ ਬਾਅਦ ਵਧੀਆ ਪਦਾਂ ਉਤੇ ਰੱਖਣ ਦੇ ਵਾਇਦੇ ਕਰਕੇ ਉਨ੍ਹਾਂ ਨੂੰ ਖ਼ੀਦ ਲੈਂਦੇ ਹਨ। ਇਸਦੇ ਬਦਲੇ ਵਿਚ ਸਰਮਾਏਦਾਰਾਂ ਨੂੰ ਮੁਨਾਫੇਦਾਰ ਠੇਕੇ, ਸੌਦੇ ਅਤੇ ਟੈਕਸ ਨੀਤੀਆਂ ਅਤੇ ਹੋਰ ਨੀਤੀਆਂ ਵਿਚ ਉਨ੍ਹਾਂ ਲਈ ਫਾਇਦੇਮੰਦ ਤਬਦੀਲੀਆਂ ਪ੍ਰਾਪਤ ਹੁੰਦੀਆਂ ਹਨ। ਸਰਮਾਏਦਾਰਾਂ ਨੂੰ, ਹੋਣ ਵਾਲੇ ਅਥਾਹ ਮੁਨਾਫਿਆਂ ਵਿਚੋਂ ਰਾਜ ਦੇ ਕੁੱਝ ਖਾਸ ਵਿਅਕਤੀਆਂ ਨੂੰ ਥੋੜ੍ਹਾ ਕੁ ਹਿੱਸਾ ਦੇਣ ਉਤੇ ਕੋਈ ਇਤਰਾਜ਼ ਨਹੀਂ। ਬਲਕਿ ਉਹ ਇਸ ਨੂੰ ਇੱਕ ਫਾਇਦੇਮੰਦ ਨਿਵੇਸ਼ ਸਮਝਦੇ ਹਨ। ਇਸ ਉੱਚ-ਪੱਧਰ ਦੇ ਭ੍ਰਿਸ਼ਟਾਚਾਰ ਦਾ ਇੱਕ ਨਿੱਕਾ ਜਿਹਾ ਭਾਗ ਕਦੇ ਕਦਾਈਂ ਖੁੱਲ੍ਹ ਕੇ ਸਾਹਮਣੇ ਆ ਜਾਂਦਾ ਹੈ, ਉਹ ਵੀ ਅੰਤਰ-ਸਰਮਾਏਦਾਰੀ ਟੱਕਰ ਦੀ ਵਜ੍ਹਾ ਨਾਲ।

ਨਿਚਲੇ ਪੱਧਰ ਉਤੇ ਭ੍ਰਿਸ਼ਟਾਚਾਰ ਉਹ ਹੈ ਜਿਥੇ ਕਿ ਰਾਜ ਦੇ ਕਾਰਿੰਦੇ ਉਨ੍ਹਾਂ ਸੇਵਾਵਾਂ ਵਾਸਤੇ ਵੱਢੀ ਮੰਗਦੇ ਹਨ ਜਿਹੜੀਆਂ ਕਿ ਉਨ੍ਹਾਂ ਨੂੰ ਲੋਕਾਂ ਨੂੰ ਮੁਫਤ ਦੇਣੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਰਾਜ ਦੇ ਕਰਮਚਾਰੀ, ਜਨਤਾ ਦੀ ਸੇਵਾ ਕਰਨ ਦੀ ਵਜਾਏ ਆਪਣੇ ਪਦ ਦਾ ਇਸਤੇਮਾਲ ਕਰਕੇ ਲੋਕਾਂ ਨੂੰ ਲੁੱਟਦੇ ਹਨ। ਅਜੇਹੇ ਕੇਸਾਂ ਵਿਚ ਰਿਸ਼ਵਤ ਦੇਣ ਵਾਲਾ ਇਸ ਢਾਂਚੇ ਦਾ ਸ਼ਿਕਾਰ ਹੈ। ਇਸ ਵਿਚ ਉਸ ਨੂੰ ਫਾਇਦਾ ਨਹੀਂ ਸਗੋਂ ਨੁਕਸਾਨ ਹੁੰਦਾ ਹੈ। ਇਸ ਵੱਢੀ ਦਾ ਫਾਇਦਾ ਕੇਵਲ ਉਸ ਵਿਅਕਤੀ ਨੂੰ ਹੀ ਨਹੀਂ ਹੁੰਦਾ ਜਿਹੜਾ ਇਹ ਲੈਂਦਾ ਹੈ, ਬਲਕਿ ਜਨਤਾ ਤੋਂ ਉਗਰਾਹੀ ਹੋਈ ਵੱਢੀ ਕਈ ਸਤਰਾਂ ਵਿਚੋਂ ਦੀ ਗੁਜ਼ਰ ਕੇ ਮੰਤਰੀਆਂ ਅਤੇ ਸੱਤਾਧਾਰੀ ਪਾਰਟੀ ਦੀਆਂ ਤਿਜੌਰੀਆਂ ਤਕ ਪਹੁੰਚਦੀ ਹੈ।

ਇੱਕ ਹੋਰ ਕਿਸਮ ਦਾ ਭ੍ਰਿਸ਼ਟਾਚਾਰ ਉਹ ਹੈ ਜਿੱਥੇ ਕਿ ਰਾਜ ਦੇ ਕਾਰਿੰਦੇ ਕਿਸੇ ਨਿਵੇਸ਼ ਯੋਜਨਾ ਜਾਂ ਸਮਾਜਿਕ ਪ੍ਰੋਗਰਾਮ ਵਾਸਤੇ ਫੰਡਾਂ ਵਿਚੋਂ ਕੁੱਝ ਹਿੱਸਾ ਆਪਣੀਆਂ ਜੇਬਾਂ ਵਿੱਚ ਪਾ ਲੈਂਦੇ ਹਨ। ਇਥੇ ਕੁੱਝ ਇੱਕ ਭ੍ਰਿਸ਼ਟ ਲੋਕਾਂ ਦੇ ਨਿੱਜੀ ਹਿੱਤਾਂ ਦੇ ਲਾਭ ਵਾਸਤੇ ਸਮਾਜ ਦੇ ਆਮ ਹਿੱਤਾਂ ਦਾ ਨੁਕਸਾਨ ਹੁੰਦਾ ਹੈ।

ਇਹ ਸਾਰੀਆਂ ਕਿਸਮਾਂ ਦਾ ਭ੍ਰਿਸ਼ਟਾਚਾਰ ਸਾਡੇ ਦੇਸ਼ ਵਿਚ ਮੌਜੂਦ ਹੈ ਅਤੇ ਇਹ ਹਰ ਰੋਜ਼ ਹੁੰਦਾ ਹੈ। ਨਿੱਜੀ ਕੰਪਨੀਆਂ ਨਿੱਤ-ਨੇਮ ਨਾਲ "ਕਾਲਾ ਧਨ", ਜਾਣੀ ਉਹ ਧਨ ਜਿਸ ਦਾ ਕੋਈ ਹਿਸਾਬ-ਕਿਤਾਬ ਨਹੀਂ ਦਰਜ ਕੀਤਾ ਜਾਂਦਾ, ਬਣਾਉਂਦੀਆਂ ਹਨ ਅਤੇ ਇਹ ਖਾਸ ਤੌਰ ਉਤੇ ਆਪਣੇ ਖਰਚਿਆਂ ਨੂੰ ਵਧਾ-ਚੜ੍ਹਾ ਕੇ ਅਤੇ ਮੁਨਾਫੇ ਘੱਟ ਦੱਸ ਕੇ ਕੀਤਾ ਜਾਂਦਾ ਹੈ। ਇਸ ਗੈਰ-ਹਿਸਾਬੀ ਪੈਸੇ ਨੂੰ ਸਰਮਾਏਦਾਰ ਆਪਣੇ ਗੈਰ-ਹਿਸਾਬੀ ਖਰਚਿਆਂ, ਜਿਸ ਵਿਚ ਨੇਮ ਅਨੁਸਾਰ ਵੱਢੀ ਅਤੇ ਸਿਆਸੀ ਪਾਰਟੀਆਂ ਦੀ ਨਕਦ ਮੱਦਦ ਵਗੈਰਾ ਸ਼ਾਮਲ ਹਨ, ਵਾਸਤੇ ਵਰਤਦੇ ਹਨ। ਇਸ ਵਿਚੋਂ ਬਚਿਆ ਧਨ ਰੀਅਲ ਇਸਟੇਟ, ਸਵਿਟਜ਼ਰਲੈਂਡ ਦੀਆਂ ਬੈਂਕਾਂ ਅਤੇ ਹੋਰ ਟੈਕਸ ਬਚਾਉਣ ਵਾਲੇ ਖਾਤਿਆਂ ਵਿਚ ਜਮਾਂ ਕਰ ਦਿੱਤਾ ਜਾਂਦਾ ਹੈ।

ਸਰਮਾਏਦਾਰਾਂ ਅਤੇ ਜਗੀਰਦਾਰਾਂ ਦੇ ਵੱਖ ਵੱਖ ਤਬਕੇ ਆਪਣੀਆਂ ਸਿਆਸੀ ਪਾਰਟੀਆਂ ਬਣਾ ਲੈਂਦੇ ਹਨ ਅਤੇ ਚੋਣ ਮੁਹਿੰਮਾਂ ਉਤੇ ਪੈਸਾ ਨਿਵੇਸ਼ ਕਰਦੇ ਹਨ। ਜਦੋਂ ਉਹ ਸੱਤਾ ਵਿਚ ਆ ਜਾਂਦੀਆਂ ਹਨ ਤਾਂ ਅਜੇਹੀਆਂ ਪਾਰਟੀਆਂ ਇਸ ਨੂੰ "ਭੁਗਤਾਨ" ਚੁਕਾਉਣ ਦਾ ਵੇਲਾ ਕਹਿੰਦੀਆਂ ਹਨ।

ਟਾਟੇ, ਅੰਬਾਨੀ, ਬਿਰਲੇ ਅਤੇ ਹੋਰ ਅਜਾਰੇਦਾਰ ਘਰਾਣਿਆਂ ਦੀਆਂ ਸਰਮਾਏਦਾਰਾ ਕਾਰਪੋਰੇਸ਼ਨਾਂ ਜੋ ਖੁਦ ਨੂੰ ਇੰਡੀਆ ਇਨਕਾਰਪੋਰੇਟਿਡ ਕਹਿੰਦੀਆਂ ਹਨ, ਦਾ ਸੰਸਦ ਦੀਆਂ ਮੁੱਖ ਪਾਰਟੀਆਂ ਉਤੇ ਖਾਸਾ ਅਸਰ ਹੈ। ਉਹ ਇੱਥੋਂ ਤੱਕ ਵੀ ਫੈਸਲੇ ਕਰਦੀਆਂ ਹਨ ਕਿ ਖਾਸ ਮੰਤਰਾਲਿਆਂ ਦੀ ਪਦਵੀਆਂ ਉਤੇ ਕਿਹੜੇ ਸਿਆਸਤਦਾਨ ਬੈਠਣੇ ਚਾਹੀਦੇ ਹਨ। ਕੇਂਦਰੀ ਸਰਕਾਰ ਅਜਾਰੇਦਾਰ ਸਰਮਾਏਦਾਰਾਂ ਦੇ ਵੱਧ ਤੋਂ ਵੱਧ ਮੁਨਾਫਿਆਂ ਦੀ ਲਾਲਚ ਨੂੰ ਪੂਰਾ ਕਰਨ ਦੇ ਪੱਖ ਵਿਚ ਕੰਮ ਕਰਦੀ ਹੈ।

ਸੰਖੇਪ ਵਿਚ, ਸਾਡੀ ਪਾਰਟੀ ਭ੍ਰਿਸ਼ਟਾਚਾਰ ਨੂੰ ਇੱਕ ਗੰਭੀਰ ਸਮੱਸਿਆ ਸਮਝਦੀ ਹੈ, ਜੋ ਕਿ ਮੇਹਨਤਕਸ਼ ਜਨਤਾ ਉਤੇ ਇੱਕ ਅਸਹਿ ਬੋਝ ਹੈ। ਵਰਤਮਾਨ ਆਰਥਿਕ ਢਾਂਚੇ ਅਤੇ ਇਸਦੀ ਰਖਵਾਲੀ ਕਰਨ ਵਾਲੇ ਰਾਜ ਦਾ ਇਹ ਅਨਿਖੜਵਾਂ ਅੰਗ ਹੈ। ਪੂੰਜੀ ਦੇ ਥੋੜ੍ਹੇ ਤੋਂ ਥੋੜ੍ਹੇ ਹੱਥਾਂ ਵਿਚ ਸਕੇਂਦਰਿਤ ਹੁੰਦੇ ਜਾਣ ਦੇ ਸਿੱਟੇ ਵਜੋਂ ਅਤੇ ਹਿੰਦੋਸਤਾਨੀ ਰਾਜ ਦੇ ਉਚਤਮ ਸਤਰਾਂ ਉਤੇ ਅਜਾਰੇਦਾਰ ਸਰਮਾਏਦਾਰਾਂ ਦੇ ਵਧ ਰਹੇ ਪ੍ਰਭਾਵ ਦੀ ਵਜ੍ਹਾ ਨਾਲ ਭ੍ਰਿਸ਼ਟਾਚਾਰ ਵੀ ਹੋਰ ਜ਼ਿਆਦਾ ਵਧ ਰਿਹਾ ਹੈ। ਭ੍ਰਿਸ਼ਟਾਚਾਰ ਸਾਰੇ ਹੀ ਸਰਮਾਏਦਾਰਾ ਦੇਸ਼ਾਂ ਵਿਚ ਵਧ ਰਿਹਾ ਹੈ, ਪਰ ਸਾਡੇ ਦੇਸ਼ ਵਿੱਚ ਇਹ ਵੱਡੀ ਗਹਿਰਾਈ ਤੱਕ, ਨੀਵੇਂ ਸਤੱਰ ਦੇ ਰਾਜਕੀ ਕਰਮੀਆਂ ਤਕ ਫੈਲਿਆ ਹੋਇਆ ਹੈ, ਕਿਉਂਕਿ ਰਾਜ ਤੰਤਰ ਦਾ ਬਸਤੀਵਾਦੀ ਖਾਸਾ ਬਰਕਰਾਰ ਰੱਖਿਆ ਗਿਆ ਹੈ।

**ਚੰਦਰਭਾਨ: ਕੀ ਲੋਕ ਪਾਲ ਵਰਗੇ ਸੰਸਥਾਨਾਂ ਨੂੰ ਮਜ਼ਬੂਤ ਕਰਕੇ ਭ੍ਰਿਸ਼ਟਾਚਾਰ ਨੂੰ ਲਗਾਮ ਪਾਈ ਜਾ ਸਕਦੀ ਹੈ?**

**ਲਾਲ ਸਿੰਘ:** ਕੇਂਦਰੀ ਨਿਗਰਾਨੀ ਆਯੋਗ (ਸੈਂਟਰਲ ਵਿਯੀਲੈਂਸ ਕਮਿਸ਼ਨ) ਅਤੇ ਪ੍ਰਾਂਤਿਕ ਪੱਧਰ ਦੇ ਨਿਗਰਾਨੀ ਆਯੋਗਾਂ ਵਰਗੇ ਕਈ ਭ੍ਰਿਸ਼ਟਾਚਾਰ ਵਿਰੋਧੀ ਸੰਸਥਾਨ ਪਹਿਲਾਂ ਤੋਂ ਹੀ ਸਥਾਪਤ ਕੀਤੇ ਹੋਏ ਹਨ। ਕਰਨਾਟਕ ਦੇ ਸੂਬੇ ਨੂੰ ਇੱਕ ਅਜੇਹੇ ਸੂਬੇ ਦੀ ਉਦਾਹਰਣ ਵਜੋਂ ਸਲਾਹਿਆ ਜਾਂਦਾ ਹੈ ਜਿੱਥੇ ਪਹਿਲਾਂ ਹੀ ਇੱਕ ਮਜ਼ਬੂਤ ਅਤੇ ਸਰਗਰਮ ਲੋਕ ਪਾਲ ਮੌਜੂਦ ਹੈ। ਪਰ ਕੋਈ ਵੀ ਸਬੂਤ ਨਹੀਂ ਮਿਲਦਾ ਕਿ ਕਰਨਾਟਕ ਵਿਚ ਭ੍ਰਿਸ਼ਟਾਚਾਰ ਘਟ ਗਿਆ ਹੈ।

ਕੋਈ ਵੀ ਸੰਸਥਾਨ ਵੱਖ ਵੱਖ ਜਮਾਤਾਂ ਦੇ ਹਿੱਤਾਂ ਤੋਂ ਉਪਰ ਨਹੀਂ ਹੋ ਸਕਦਾ। ਜੇਕਰ ਇਹ ਮੌਜੂਦਾ ਰਾਜ ਦਾ ਅੰਗ ਹੈ ਤਾਂ ਇਹ ਸਰਮਾਏਦਾਰੀ ਦੇ ਹਿੱਤਾਂ ਦੀ

ਰਖਵਾਲੀ ਕਰੇਗਾ, ਮਜ਼ਦੂਰਾਂ ਕਿਸਾਨਾਂ ਦੇ ਹਿੱਤਾਂ ਦੀ ਨਹੀਂ। ਕੋਈ ਮਜ਼ਬੂਤ ਲੋਕ ਪਾਲ, ਜੋ ਖੁਦ ਭ੍ਰਿਸ਼ਟ ਨਾ ਹੋਵੇ, ਉਹ ਵੀ ਵੱਧ ਤੋਂ ਵੱਧ ਇਹੀ ਕਰ ਸਕਦਾ ਹੈ ਕਿ ਕੁੱਝ ਇੱਕ ਵਿਅਕਤੀਗਤ ਮੰਤਰੀਆਂ ਜਾਂ ਉੱਚ ਅਫਸਰਾਂ ਦੇ ਕੁੱਝ ਕੁ ਭ੍ਰਿਸ਼ਟ ਕਾਰਿਆਂ ਨੂੰ ਨੰਗਾ ਕਰਕੇ ਉਨ੍ਹਾਂ ਨੂੰ ਦੰਡ ਦੁਆ ਸਕਦਾ ਹੈ। ਪਰ ਹਿੰਦੋਸਤਾਨ ਦੇ ਢਾਂਚੇ ਦੇ ਅੰਦਰ ਜਿਸ ਹੱਦ ਤਕ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ, ਉਥੇ ਕੁੱਝ ਕੁ ਵਿਅਕਤੀਆਂ ਨੂੰ ਸੀਖਾਂ ਪਿਛੇ ਬੰਦ ਕਰਨ ਨਾਲ ਉਸ ਵਿਚ ਕੋਈ ਖਾਸ ਫਰਕ ਨਹੀਂ ਪੈ ਸਕਦਾ।

ਜੇਕਰ ਮਸਲਾ ਸਿਰਫ ਕੁੱਝ ਇੱਕ ਸਿਆਸਤਦਾਨਾਂ ਦਾ ਹੀ ਹੋਵੇ ਤਾਂ ਫਿਰ ਉਨ੍ਹਾਂ ਵਿਚੋਂ ਕੁੱਝ ਕੁ ਨੂੰ ਗ੍ਰਿਫਤਾਰ ਕਰਨ ਨਾਲ ਕਾਫੀ ਅਸਰ ਪੈ ਸਕਦਾ ਹੈ। ਪਰ ਭ੍ਰਿਸ਼ਟਾਚਾਰ ਕੁੱਝ ਕੁ ਸਿਆਸਤਦਾਨਾ ਦੇ ਭ੍ਰਿਸ਼ਟ ਹੋਣ ਦੀ ਸਮੱਸਿਆ ਨਹੀਂ ਹੈ। ਇਸ ਦੀਆਂ ਜੜ੍ਹਾਂ ਮੌਜੂਦਾ ਰਾਜ ਦੇ ਅੰਦਰ ਅਤੇ ਇਸ ਰਾਜ ਵਲੋਂ ਰਖਵਾਲੀ ਕੀਤੇ ਜਾਣ ਵਾਲੇ ਆਰਥਿਕ ਢਾਂਚੇ ਦੇ ਅੰਦਰ ਧੁਰ ਤਕ ਫੈਲੀਆਂ ਹੋਈਆਂ ਹਨ। ਸਰਮਾਏਦਾਰਾ ਅਜਾਰੇਦਾਰ ਕੰਪਨੀਆਂ ਆਪਣੇ ਪੱਖ ਵਿਚ ਸਰਕਾਰੀ ਫੈਸਲਿਆਂ ਨੂੰ ਪ੍ਰਭਾਵਿਤ ਕਰਨ ਵਾਸਤੇ ਧਨ-ਬਲ ਦਾ ਪ੍ਰਯੋਗ ਕਰਨੋਂ ਕਦੇ ਵੀ ਗੁਰੇਜ਼ ਨਹੀਂ ਕਰਨ ਵਾਲੀਆਂ। ਲੋਕ ਪਾਲ ਇਸ ਵਿਚ ਤਬਦੀਲੀ ਲਿਆਉਣ ਵਾਸਤੇ ਕੁੱਝ ਵੀ ਨਹੀਂ ਕਰ ਸਕਦਾ।

**ਚੰਦਰਭਾਨ: ਕੀ ਕਿਸੇ ਇਮਾਨਦਾਰ ਸਿਆਸੀ ਪਾਰਟੀ ਨੂੰ ਚੁਣ ਕੇ ਸੱਤਾ ਵਿਚ ਲਿਆਉਣ ਨਾਲ ਕੋਈ ਫਰਕ ਪੈ ਸਕਦਾ ਹੈ?**

**ਲਾਲ ਸਿੰਘ:** ਇਮਾਨਦਾਰ ਸਿਆਸੀ ਪਾਰਟੀ ਕੀ ਹੁੰਦੀ ਹੈ? ਜਿਸ ਸਮਾਜ ਵਿਚ ਅਸੀਂ ਰਹਿ ਰਹੇ ਹਾਂ ਉਹ ਜਮਾਤਾਂ ਵਿਚ ਵੰਡਿਆ ਹੋਇਆ ਹੈ। ਇਸ ਵਿਚ ਇੱਕ ਸਿਆਸੀ ਪਾਰਟੀ ਜਾਂ ਤਾਂ ਮਜ਼ਦੂਰ ਜਮਾਤ ਅਤੇ ਸੱਭ ਲੁਟੀਂਦੇ ਲੋਕਾਂ ਪ੍ਰਤੀ ਇਮਾਨਦਾਰ ਹੈ ਅਤੇ ਜਾਂ ਫਿਰ ਸਰਮਾਏਦਾਰ ਜਮਾਤ ਅਤੇ ਕਿਰਤ ਦੀ ਲੁੱਟ ਕਰਨ ਵਾਲਿਆਂ ਪ੍ਰਤੀ ਇਮਾਨਦਾਰ ਹੈ।

ਮੌਜੂਦਾ ਚੋਣ ਪ੍ਰੀਕ੍ਰਿਆ ਦੇ ਅੰਦਰ ਮਾਨਤਾ ਚਾਹੁਣ ਵਾਲੀਆਂ ਪਾਰਟੀਆਂ ਲਈ ਹਾਕਮ ਜਮਾਤ ਪ੍ਰਤੀ ਇਮਾਨਦਾਰ ਹੋਣਾ ਪੈਂਦਾ ਹੈ ਅਤੇ ਮੇਹਨਤਕਸ਼ਾਂ ਦੇ ਸਾਹਮਣੇ ਝੂਠ ਬੋਲਣਾ ਪੈਂਦਾ ਹੈ। ਇੱਕ ਰਜਿਸਟਰਡ ਸਿਆਸੀ ਪਾਰਟੀ ਬਣਨ ਵਾਸਤੇ ਸੱਭ ਤੋਂ ਪਹਿਲਾ ਕਦਮ ਉਸ ਝੂਠ ਦੀ ਸੌਂਹ ਖਾਣੀ ਪੈਂਦੀ ਹੈ ਕਿ ਮੌਜੂਦਾ ਹਿੰਦੋਸਤਾਨੀ ਗਣਰਾਜ ਅਤੇ ਇਸਦਾ ਸੰਵਿਧਾਨ ਲੋਕਾਂ ਵਲੋਂ ਬਣਾਏ ਗਏ ਸਨ ਅਤੇ ਇਹ ਸਮੂਹਿਕ ਜਨਮਤ ਦੀ ਪ੍ਰਤੀਨਿਧਤਾ ਕਰਦੇ ਹਨ। ਪਰ ਸੱਚਾਈ ਇਹ ਹੈ ਕਿ ਸੰਵਿਧਾਨ ਨੂੰ ਗ਼ੱਦਾਰ ਸਰਮਾਏਦਾਰੀ ਨੇ ਆਪਣੇ ਖੁਦ ਦੇ ਸੌੜੇ ਜਮਾਤੀ ਹਿੱਤਾਂ ਦੀ ਰਖਵਾਲੀ ਕਰਨ ਵਾਸਤੇ ਘੜਿਆ ਸੀ।

ਵਰਤਮਾਨ ਚੋਣ ਪ੍ਰੀਕ੍ਰਿਆ ਦੇ ਜ਼ਰੀਏ ਵੱਧ ਤੋਂ ਵੱਧ ਸੀਟਾਂ ਤੇ ਕਬਜ਼ਾ ਕਰਕੇ ਕਾਰਜਕਾਰੀ ਸੱਤਾ ਉਤੇ ਕੰਟਰੋਲ ਕਰਨ ਵਾਸਤੇ ਕਿਸੇ ਵੀ ਪਾਰਟੀ ਨੂੰ ਅਜੇਹੇ ਉਮੀਦਵਾਰ ਖੜ੍ਹੇ ਕਰਨੇ ਪੈਂਦੇ ਹਨ "ਜਿਹੜੇ ਜਿੱਤ ਸਕਦੇ ਹਨ"। ਵੱਡੇ ਸਰਮਾਏਦਾਰਾਂ ਦਾ ਸਮਰਥਨ ਪ੍ਰਾਪਤ ਪਾਰਟੀਆਂ ਦੇ ਮੁਕਾਬਲੇ ਵਿਚ ਉਸ ਕੋਲ ਬਰਾਬਰ ਦਾ ਧਨ-ਬਲ ਵੀ ਹੋਣਾ ਚਾਹੀਦਾ ਹੈ। ਉਸ ਨੂੰ ਇਨ੍ਹਾਂ ਗੱਲਾਂ ਵਿਚ ਵੀ ਮਾਹਰ ਬਣਨਾ ਪੈਂਦਾ ਹੈ ਕਿ ਉਹ ਉਹ ਕੁੱਝ ਕਹਿਣ ਜੋ ਮੇਹਨਤਕਸ਼ ਲੋਕ ਸੁਣਨਾ ਚਾਹੁੰਦੇ ਹਨ ਅਤੇ ਤਾਕਤ ਵਿਚ ਆਉਣ ਤੋਂ ਬਾਅਦ ਉਹ ਕੁੱਝ ਕਰਨ ਜੋ ਸਰਮਾਏਦਾਰਾ ਜਮਾਤ ਚਾਹੁੰਦੀ ਹੈ।

ਇੱਕ ਕਮਿਊਨਿਸਟ ਪਾਰਟੀ ਮਜ਼ਦੂਰ ਜਮਾਤ ਪ੍ਰਤੀ ਇਮਾਨਦਾਰ ਹੁੰਦੀ ਹੈ। ਉਹ ਮਜ਼ਦੂਰਾਂ, ਕਿਸਾਨਾਂ ਅਤੇ ਹੋਰ ਮੇਹਨਤਕਸ਼ ਲੋਕਾਂ ਨੂੰ ਅਸਲੀ ਹਾਲਾਤਾਂ ਤੋਂ ਜਾਗੂਰਕ ਕਰਨ ਅਤੇ ਉਨ੍ਹਾਂ ਨੂੰ ਆਪਣੀਆਂ ਸਮੱਸਿਆਵਾਂ ਹੱਲ ਕਰਨ ਦਾ ਕ੍ਰਾਂਤੀਕਾਰੀ ਰਾਹ ਦਿਖਾਉਣ ਵਾਸਤੇ ਬਚਨਬੱਧ ਹੁੰਦੀ ਹੈ। ਕੇਵਲ ਸੱਚਾਈ ਨੂੰ ਉਜਾਗਰ ਕਰਕੇ ਅਤੇ ਮਜ਼ਦੂਰ ਜਮਾਤ ਅਤੇ ਸੱਭ ਪ੍ਰਗਤੀਸ਼ੀਲ ਤਾਕਤਾਂ ਦੀ ਜਾਗੂਰਕਤਾ ਵਧਾ ਕੇ ਹੀ ਸਮਾਜ ਨੂੰ ਜਮਾਤੀ ਲੁੱਟ ਅਤੇ ਜਮਾਤੀ ਫਰਕ ਤੋਂ ਮੁਕਤ ਕਰਾਉਣ ਵਾਸਤੇ ਹਾਲਾਤ ਤਿਆਰ ਕੀਤੇ ਜਾ ਸਕਦੇ ਹਨ।

ਸਾਡੀ ਪਾਰਟੀ ਮੌਜੂਦਾ ਸਰਮਾਏਦਾਰਾ ਜਮਹੂਰੀਅਤ ਵਿਚ ਸੱਤਾਧਾਰੀ ਪਾਰਟੀ ਬਣਨ ਲਈ ਸੰਘਰਸ਼ ਨਹੀਂ ਕਰ ਰਹੀ। ਅਸੀਂ ਇੱਕ ਨਵੇਂ ਸੰਵਿਧਾਨ ਦੇ ਅਧਾਰ ਉਤੇ ਇੱਕ ਮੁਕੰਮਲ ਤੌਰ ਤੇ ਨਵਾਂ ਰਾਜ ਅਤੇ ਸਿਆਸੀ ਪ੍ਰੀਕ੍ਰਿਆ ਸਥਾਪਤ ਕਰਕੇ ਮਜ਼ਦੂਰ ਜਮਾਤ ਅਤੇ ਮੇਹਨਤਕਸ਼ ਬਹੁ-ਗਿਣਤੀ ਨੂੰ ਤਾਕਤ ਵਿਚ ਲਿਆਉਣ ਲਈ ਸੰਘਰਸ਼ ਕਰ ਰਹੇ ਹਾਂ। ਅਸੀਂ ਆਪਣੇ ਵਿਚਾਰਾਂ ਦਾ ਪ੍ਰਚਾਰ ਕਰਨ ਵਾਸਤੇ ਚੋਣਾਂ ਦਾ ਇਸਤੇਮਾਲ ਕਰ ਸਕਦੇ ਹਾਂ, ਪਰ ਮੌਜੂਦਾ ਰਾਜ ਅਤੇ ਇਸ ਦੀ ਚੋਣ ਪ੍ਰੀਕ੍ਰਿਆ ਬਾਰੇ ਭਰਮ ਕਦੇ ਵੀ ਨਹੀਂ ਫੈਲਾ ਸਕਦੇ।

ਇਹ ਖਿਆਲ ਕਿ ਵਰਤਮਾਨ ਚੋਣ ਪ੍ਰੀਕ੍ਰਿਆ ਦੇ ਜ਼ਰੀਏ ਕੋਈ ਪਾਰਟੀ ਸੱਤਾ ਵਿਚ ਆ ਕੇ ਭ੍ਰਿਸ਼ਟਾਚਾਰ ਦੇ ਜਾਲੇ ਨੂੰ ਝਾੜੂ ਮਾਰ ਕੇ ਹੂੰਝ ਸੁੱਟੇਗੀ, ਇਹ ਦੋ ਗਲਤ ਧਾਰਨਾਵਾਂ ਉਤੇ ਅਧਾਰਤ ਹੈ। ਪਹਿਲੀ ਧਾਰਣਾ ਇਹ ਹੈ ਕਿ ਸੱਤਾਧਾਰੀ ਪਾਰਟੀ ਸਰਬਸ਼ਕਤੀਮਾਨ ਹੈ ਅਤੇ ਆਪਣੀ ਮਰਜ਼ੀ ਦੇ ਅਨੁਸਾਰ ਅਜੰਡਾ ਅਪਣਾ ਸਕਦੀ ਹੈ। ਦੂਸਰੀ ਧਾਰਣਾ ਇਹ ਹੈ ਕਿ ਚੋਣਾਂ ਦੇ ਨਤੀਜੇ ਜਨਤਾ ਨਿਰਧਾਰਤ ਕਰਦੀ ਹੈ।

ਸੱਚਾਈ ਇਹ ਹੈ ਕਿ ਅਜਾਰੇਦਾਰ ਘਰਾਣਿਆਂ ਦੀ ਪ੍ਰਧਾਨਤਾ ਥੱਲੇ ਅਤੇ ਅੰਤਰਰਾਸ਼ਟਰੀ ਪੂੰਜੀ ਨਾਲ ਜੁੜੀ ਹੋਈ, ਹਿੰਦੋਸਤਾਨੀ ਸਰਮਾਏਦਾਰ ਜਮਾਤ ਸਰਬ-ਸ਼ਕਤੀਮਾਨ ਹੈ ਅਤੇ ਅਜੰਡਾ ਤੈਅ ਕਰਦੀ ਹੈ। ਇਹ ਜਮਾਤ ਆਪਣੇ ਪਹਿਲਾਂ ਹੀ ਤੈਅ ਕੀਤੇ ਅਜੰਡੇ ਨੂੰ ਲਾਗੂ ਕਰਨ ਦੇ ਇਰਾਦੇ ਨਾਲ ਇਸ ਜਾਂ ਉਸ ਰਾਜਨੀਤਕ ਪਾਰਟੀ ਨੂੰ ਚੁਣਨ ਵਾਸਤੇ ਚੋਣ ਪ੍ਰੀਕ੍ਰਿਆ ਦਾ ਇਸਤੇਮਾਲ ਕਰਦੀ ਹੈ।

ਮਿਸਾਲ ਦੇ ਤੌਰ ਤੇ, ਹਿੰਦੋਸਤਾਨ ਦੇ ਸਿਆਸੀ ਤੌਰ ਉਤੇ ਅਜ਼ਾਦ ਹੋ ਜਾਣ ਤੋਂ ਕੁੱਝ ਸਾਲ ਪਹਿਲਾਂ, ਟਾਟਾ, ਬਿਰਲਾ ਅਤੇ ਇੱਕ-ਦੋ ਹੋਰ ਵੱਡੇ ਸਰਮਾਏਦਾਰਾਂ ਨੇ ਆਪਣੇ ਆਰਥਿਕ ਮਾਹਰਾਂ ਨੂੰ ਇਕੱਠੇ ਕਰਕੇ, ਬਸਤੀਵਾਦ ਤੋਂ ਬਾਅਦ ਵਾਲੇ ਹਿੰਦੋਸਤਾਨ ਦੇ ਆਰਥਿਕ ਵਿਕਾਸ ਵਾਸਤੇ 15 ਸਾਲਾ ਯੋਜਨਾ ਬਣਾਈ ਸੀ। ਉਸ ਨੂੰ ਬੰਬੇ ਪਲਾਨ ਦਾ ਨਾਮ ਦਿੱਤਾ ਗਿਆ ਅਤੇ 1944 ਤੇ 1945 ਵਿਚ ਦੋ ਭਾਗਾਂ ਵਿਚ ਪ੍ਰਕਾਸ਼ਤ ਕੀਤਾ ਗਿਆ। ਉਸ ਯੋਜਨਾ ਨੂੰ "ਟਾਟਾ-ਬਿਰਲਾ ਪਲਾਨ" ਵੀ ਕਿਹਾ ਜਾਂਦਾ ਹੈ। ਬਾਅਦ ਵਿਚ ਕਾਂਗਰਸ ਪਾਰਟੀ ਨੇ ਇਸੇ ਪਲਾਨ ਨੂੰ ਅਪਣਾਇਆ ਅਤੇ ਉਹ ਨਹਿਰੂ ਸਰਕਾਰ ਦੀਆਂ ਪਹਿਲੀਆਂ ਤਿੰਨਾਂ ਪੰਜ ਸਾਲਾ ਯੋਜਨਾਵਾਂ ਦਾ ਅਧਾਰ ਬਣੀ।

ਅੱਜ ਵੀ ਉਹੀ ਪ੍ਰੀਕ੍ਰਿਆ ਅਪਣਾਈ ਜਾ ਰਹੀ ਹੈ। ਪਿਛਲੇ ਦੋ ਦਹਾਕਿਆਂ ਵਿਚ ਹਿੰਦੋਸਤਾਨੀ ਅਤੇ ਬਦੇਸ਼ੀ ਅਜਾਰੇਦਾਰ ਸਰਮਾਏਦਾਰਾਂ ਨੇ ਮਿਲ ਕੇ ਉਦਾਰੀਕਰਣ ਅਤੇ ਨਿੱਜੀਕਰਣ ਦੇ ਜ਼ਰੀਏ ਭੂਮੰਡਲੀਕਰਣ ਦੇ ਅਜੰਡੇ ਨੂੰ ਬੜਾਵਾ ਦੇਣ ਵਾਸਤੇ ਕੰਮ ਕੀਤਾ ਹੈ। ਅੱਜ "ਭ੍ਰਿਸ਼ਟਾਚਾਰ ਵਿਰੋਧੀ ਅਤੇ ਸ਼ਾਸਨ ਵਿਚ ਸੁਧਾਰਾਂ" ਦੇ ਅਜੰਡੇ ਨੂੰ ਬੜਾਵਾ ਦੇਣ ਲਈ ਵੀ ਮਿਲ ਕੇ ਕੰਮ ਕਰ ਰਹੇ ਹਨ।

ਸਰਮਾਏਦਾਰੀ ਪੂਰਵ-ਚੁਣਾਵ ਸਰਵੇਖਣ ਅਤੇ ਮੀਡੀਆ ਮੁਹਿੰਮਾਂ ਰਾਹੀਂ ਪਰਸਪਰ ਵਿਰੋਧੀ ਪਾਰਟੀਆਂ ਅਤੇ ਉਮੀਦਵਾਰਾਂ ਵਾਸਤੇ ਲੋਕਾਂ ਵਿਚ ਪ੍ਰਚਾਰ ਕਰਦੀ ਹੈ। ਸਰਮਾਏਦਾਰ ਅਜੰਡਾ ਤਿਆਰ ਕਰ ਲੈਂਦੇ ਹਨ ਅਤੇ ਫੇਰ ਲੋਕਾਂ ਦੇ ਅੱਗੇ ਅਖੌਤੀ ਵਿਕਲਪ ਪੇਸ਼ ਕਰ ਦੇਂਦੇ ਹਨ। ਲੋਕਾਂ ਨੂੰ ਇਨ੍ਹਾਂ ਵਿਚੋਂ ਹੀ ਕਿਸੇ ਇੱਕ ਨੂੰ ਚੁਣਨ ਤੇ ਮਜ਼ਬੂਰ ਹੋਣਾ ਪੈਂਦਾ ਹੈ।

ਜਿਹੜੀ ਪਾਰਟੀ ਚੋਣ ਵਿਚ ਜਿੱਤ ਕੇ ਤਾਕਤ ਵਿਚ ਆਉਂਦੀ ਹੈ, ਉਹ "ਜਨ-ਆਦੇਸ਼" ਪ੍ਰਾਪਤ ਕਰਨ ਦਾ ਦਾਅਵਾ ਕਰਦੀ ਹੈ। ਪਰ ਉਸਨੂੰ ਆਦੇਸ਼ ਦੇਣ ਵਾਲੀ ਅਸਲ ਵਿਚ ਸਰਮਾਏਦਾਰ ਜਮਾਤ ਹੀ ਹੁੰਦੀ ਹੈ। ਇਸ ਤਰ੍ਹਾਂ ਸਰਮਾਏਦਾਰੀ ਦੀ ਇੱਛਾ ਨੂੰ ਲੋਕਾਂ ਉਤੇ ਥੋਪ ਦਿੱਤਾ ਜਾਂਦਾ ਹੈ। ਮੌਜੂਦਾ ਢਾਂਚੇ ਦੇ ਅੰਦਰ ਮੇਹਨਤਕਸ਼ ਬਹੁ-ਗਿਣਤੀ ਸ਼ਕਤੀਹੀਨ ਹੈ। ਮੇਹਨਤਕਸ਼ ਜਨਤਾ ਦੀ ਭੂਮਿਕਾ ਚੁਣਾਵ ਵਾਲੇ ਦਿਨ ਵੋਟ ਪਾਉਣ ਤੱਕ ਹੀ ਸੀਮਤ ਹੈ। ਉਨ੍ਹਾਂ ਦੀਆਂ ਵੋਟਾਂ ਨਾਲ ਸਰਮਾਏਦਾਰੀ ਦੀ ਤਾਨਾਸ਼ਾਹੀ ਨੂੰ ਵੈਧਤਾ ਮਿਲਦੀ ਹੈ।

**ਚੰਦਰਭਾਨ: ਰਾਜਸੱਤਾ ਮੇਹਨਤਕਸ਼ ਜਨਤਾ ਦੇ ਹੱਥਾਂ ਵਿਚ ਲਿਆਉਣ ਵਾਸਤੇ ਕੀ ਕਰਨਾ ਚਾਹੀਦਾ ਹੈ?**

**ਲਾਲ ਸਿੰਘ:** ਵਰਤਮਾਨ ਰਾਜ ਅਜਾਰੇਦਾਰ ਸਰਮਾਏਦਾਰਾਂ ਦੀ ਅਗਵਾਈ ਵਿਚ ਚੰਦ ਇੱਕ ਲੋਟੂਆਂ ਦੇ ਸ਼ਾਸਨ ਦਾ ਇੱਕ ਯੰਤਰ ਹੈ। ਉਸਦੀ ਜਗ੍ਹਾ ਤੇ

ਇੱਕ ਨਵੇਂ ਰਾਜ ਦੀ ਸਥਾਪਨਾ ਕਰਨੀ ਪਏਗੀ, ਜੋ ਮਜ਼ਦੂਰ ਜਮਾਤ ਅਤੇ ਉਸਦੀ ਹਰਾਵਲ ਕਮਿਉਨਿਸਟ ਪਾਰਟੀ ਦੀ ਅਗਵਾਈ ਵਿਚ ਮੇਹਨਤਕਸ਼ ਜਨਤਾ ਦੇ ਸ਼ਾਸਨ ਦਾ ਯੰਤਰ ਹੋਵੇਗਾ।

ਮਜ਼ਦੂਰ-ਕਿਸਾਨ ਸ਼ਾਸਨ ਦੇ ਨਵੇਂ ਰਾਜ ਦੀ ਸਥਾਪਨਾ ਕਰਨ ਵਿਚ ਕਮਿਉਨਿਸਟਾਂ ਨੂੰ ਸੰਘਰਸ਼ ਵਿਚ ਮਜ਼ਦੂਰ ਜਮਾਤ ਨੂੰ ਅਗਵਾਈ ਦੇਣੀ ਪਏਗੀ। ਸਾਨੂੰ ਲੋਕਾਂ ਦੇ ਹੱਥਾਂ ਵਿਚ, ਨਾ ਕਿ ਸੰਸਦ ਨੂੰ, ਪ੍ਰਭੁਸੱਤਾ ਦੇਣ ਵਾਲੇ ਇੱਕ ਨਵੇਂ ਸੰਵਿਧਾਨ ਦੇ ਵਾਸਤੇ ਸੰਘਰਸ਼ ਕਰਨ ਲਈ ਲੋਕਾਂ ਨੂੰ ਲਾਮਬੰਦ ਕਰਨਾ ਪਏਗਾ।

ਅਸੀਂ ਮੇਹਨਤਕਸ਼ ਲੋਕ ਸਮਾਜ ਦੀ ਬਹੁਸੰਖਿਆ ਹਾਂ। ਸਾਨੂੰ ਸਮਾਜ ਦੇ ਮਾਲਕ ਬਣਨਾ ਪਵੇਗਾ। ਇਹ ਆਪਣੇ ਦੇਸ਼ ਦੀ ਲੁੱਟ ਨੂੰ ਖਤਮ ਕਰਨ ਦੇ ਸਦੀਆਂ ਤੋਂ ਚੱਲ ਰਹੇ ਸੰਘਰਸ਼ ਦੀ ਨਿਰੰਤਰਤਾ ਹੈ। ਬਰਤਾਨਵੀ ਪੂੰਜੀਪਤੀਆਂ ਨੇ ਸਾਡੇ ਦੇਸ਼ ਨੂੰ ਲੁੱਟਣ ਵਾਸਤੇ ਜਿਸ ਤਰ੍ਹਾਂ ਦਾ ਸ਼ਾਸਕ ਢਾਂਚਾ ਅਤੇ ਸੰਪਤੀ ਦੇ ਸਬੰਧ ਸਥਾਪਤ ਕੀਤੇ ਸਨ, 1947 ਵਿਚ ਉਨ੍ਹਾਂ ਨੂੰ ਹਿੰਦੋਸਤਾਨੀ ਸਰਮਾਏਦਾਰਾਂ ਨੇ ਹੋਰ ਵੀ ਕੁਸ਼ਲ ਬਣਾ ਦਿੱਤਾ ਹੈ। 1857 ਵਿਚ ਅਤੇ ਬਾਅਦ ਵਿਚ 1915 ਵਿਚ ਜਿਹੜਾ ਗ਼ਦਰ ਹੋਇਆ ਸੀ ਉਹ ਅੱਜ ਵੀ ਜਾਰੀ ਹੈ।

ਸਾਡੀ ਮੰਜ਼ਿਲ ਇੱਕ ਐਸਾ ਸਮਾਜ ਅਤੇ ਰਾਜ ਕਰਨ ਦੀ ਹੈ ਜਿਹੜਾ ਸਭਨਾਂ ਦੀ ਖੁਸ਼ਹਾਲੀ ਅਤੇ ਰਖਵਾਲੀ ਯਕੀਨੀ ਬਣਾਏ। ਇਸ ਵਿਚ ਆਧੁਨਿਕ ਮਾਨਵ ਜੀਵਨ ਦੀਆਂ ਸੱਭ ਬੁਨਿਆਦੀ ਜ਼ਰੂਰਤਾਂ ਸ਼ਾਮਲ ਹਨ -- ਸਿਰਫ ਰੋਟੀ, ਕਪੜਾ ਅਤੇ ਮਕਾਨ ਹੀ ਨਹੀਂ ਬਲਕਿ ਬਿਜਲੀ, ਪੀਣ ਦਾ ਸਵੱਸ਼ ਪਾਣੀ, ਉਤਪਾਦਕ ਰੋਜ਼ਗਾਰ, ਅੱਛੇ ਸਕੂਲ ਅਤੇ ਸੇਹਤ ਸੇਵਾਵਾਂ।

ਅਸੀਂ ਇੱਕ ਅਜੇਹਾ ਸਮਾਜ ਚਾਹੁੰਦੇ ਹਾਂ ਜਿਸ ਦਾ ਹਰ ਮੈਂਬਰ ਉਤਪਾਦਕ ਅਤੇ ਸੁਖੀ ਜੀਵਨ ਜੀ ਸਕੇ ਅਤੇ ਸਰਬਜਨਕ ਫੈਸਲੇ ਲੈਣ ਅਤੇ ਸਮਾਜ ਦੀ ਦਿਸ਼ਾ ਤੈਅ ਕਰਨ ਵਿਚ ਭਾਗ ਲੈ ਸਕੇ।

ਮਜ਼ਦੂਰਾਂ ਅਤੇ ਕਿਸਾਨਾਂ ਕੋਲ ਏਨੀ ਸਮਰਥਾ ਹੋਣੀ ਚਾਹੀਦੀ ਹੈ ਕਿ ਉਹ ਉਚਤਮ ਫੈਸਲੇ ਲੈਣ ਵਾਲੀਆਂ ਸੰਸਥਾਵਾਂ ਵਾਸਤੇ ਆਪਣੇ ਸੱਭ ਤੋਂ ਅੱਛੇ ਪ੍ਰਤੀਨਿਧਾਂ ਦੀ ਛਾਂਟੀ ਕਰ ਸਕਣ ਅਤੇ ਉਨ੍ਹਾਂ ਨੂੰ ਚੁਣ ਸਕਣ ਅਤੇ ਸਮਾਜ ਦਾ ਅਜੰਡਾ ਤੈਅ ਕਰਨ ਵਿਚ ਭਾਗ ਲੈਣ ਦੇ ਸਮਰਥ ਹੋਣ। ਉਨ੍ਹਾਂ ਕੋਲ ਚੁਣੇ ਗਇਆਂ ਨੂੰ ਕਿਸੇ ਵੀ ਵਕਤ ਵਾਪਸ ਬੁਲਾ ਸਕਣ ਦੀ ਸਮਰਥਾ ਹੋਵੇ, ਜੇਕਰ ਉਹ ਆਪਣਾ ਫਰਜ਼ ਠੀਕ ਤਰ੍ਹਾਂ ਨਹੀਂ ਨਿਭਾਉਂਦੇ। ਲੋਕਾਂ ਦੇ ਕੋਲ ਕਨੂੰਨ ਬਣਾਉਣ ਅਤੇ ਇਨ੍ਹਾਂ ਵਿਚ ਤਬਦੀਲੀਆਂ ਕਰਨ ਦਾ ਹੱਕ ਹੋਵੇ, ਇੱਥੋਂ ਤੱਕ ਕਿ ਸੰਵਿਧਾਨ ਨੂੰ ਮੁੜ ਕੇ ਲਿਖਣ ਦਾ ਹੱਕ ਵੀ।

ਸਾਡੇ ਕੋਲ ਅਜੇਹਾ ਨਵਾਂ ਰਾਜ ਅਤੇ ਢਾਂਚਾ ਨਿਰਮਾਣ ਕਰਨ ਲਈ ਪੂਰਾ ਉਤਸ਼ਾਹ ਹੈ, ਜਿਹੜਾ ਇਹ ਯਕੀਨੀ ਬਣਾਏ ਕਿ ਕੰਮ ਕਰਨ ਵਾਲਿਆਂ ਦੀ ਇੱਜ਼ਤ ਹੋਵੇ ਅਤੇ ਉਹ ਆਪਣੀ ਸਾਂਝੀ ਮੇਹਨਤ ਨਾਲ ਪੈਦਾ ਕੀਤੀ ਦੌਲਤ ਦੇ ਫਲ ਦਾ ਅਨੰਦ ਮਾਣ ਸਕਣ। ਇਸ ਤਰ੍ਹਾਂ ਹਿੰਦੋਸਤਾਨੀ ਸਮਾਜ ਨਵੀਆਂ ਨੀਹਾਂ ਉਤੇ ਇੱਕ ਆਧੁਨਿਕ ਸੱਭਿਅਕ ਸਮਾਜ ਦੇ ਤੌਰ ਉਤੇ ਉਭਰੇਗਾ। ਅਸੀਂ ਇਸਨੂੰ ਹਿੰਦੋਸਤਾਨ ਦਾ ਨਵ-ਨਿਰਮਾਣ ਕਰਨਾ ਕਹਿੰਦੇ ਹਾਂ।

**ਚੰਦਰਭਾਨ: ਆਪਣੇ ਦੇਸ਼ ਵਿਚ ਚਲ ਰਹੇ ਜਮਾਤੀ ਸੰਘਰਸ਼ ਵਿਚ ਆਮ ਆਦਮੀ ਪਾਰਟੀ ਦੀ ਕੀ ਭੂਮਿਕਾ ਹੈ?**

***ਲਾਲ ਸਿੰਘ:*** ਤਾਜ਼ਾ ਸਾਲਾਂ ਵਿਚ ਸਾਡੇ ਦੇਸ਼ ਵਿਚ ਜਨਤਕ ਵਿਰੋਧ ਬਹੁਤ ਤੇਜ਼ ਹੋ ਗਿਆ ਹੈ। ਭ੍ਰਿਸ਼ਟਾਚਾਰ ਅਤੇ ਅੱਤ ਦੀ ਮੁਦਰਾਸਫੀਤੀ ਦੇ ਖਿਲਾਫ, ਨਿੱਜੀਕਰਣ ਅਤੇ ਬਦੇਸ਼ੀ ਪੂੰਜੀ ਵਾਸਤੇ ਦਰਵਾਜ਼ੇ ਖੋਲ੍ਹ ਦੇਣ ਦੇ ਖਿਲਾਫ, ਰਾਜਕੀ ਆਤੰਕਵਾਦ, ਫਿਰਕੂ ਹਿੰਸਾ, ਵੱਡੀਆਂ ਕੰਪਨੀਆਂ ਵਲੋਂ ਜ਼ਮੀਨ ਹੜੱਪੇ ਜਾਣ ਦੇ ਖਿਲਾਫ ਲੱਖਾਂ ਹੀ ਲੋਕਾਂ ਨੇ ਮੁਜ਼ਾਹਰੇ ਕੀਤੇ ਹਨ। ਮਜ਼ਦੂਰ ਜਮਾਤ ਦੇ ਸੰਘਰਸ਼ ਤੇਜ਼ ਹੋ ਗਏ ਹਨ। ਕਿਸਾਨਾਂ, ਔਰਤਾਂ, ਆਦੀਵਾਸੀਆਂ ਉਤੇ ਫਿਰਕੂ ਹਿੰਸਾ, ਜਾਤੀਵਾਦੀ ਦਮਨ ਅਤੇ ਫੌਜੀ ਸ਼ਾਸਨ ਦੇ ਪੀੜਤਾਂ ਦੇ ਸੰਘਰਸ਼ ਵੀ ਤੇਜ਼ ਹੋ ਗਏ ਹਨ।

ਸਾਡੀ ਪਾਰਟੀ ਨੇ ਇਨ੍ਹਾਂ ਸੰਘਰਸ਼ਾਂ ਵਿਚ ਸਰਗਰਮ ਹਿੱਸਾ ਲਿਆ ਹੈ। ਅਸੀਂ ਹਿੰਦੋਸਤਾਨ ਦੇ ਵਰਤਮਾਨ ਸੰਵਿਧਾਨ ਵਿਚ ਦਰਜ, ਸੰਸਦ ਦੀ ਪ੍ਰਭੁਸਤਾ ਦੇ ਅਸੂਲ ਦੀ ਡੱਟ ਕੇ ਵਿਰੋਧਤਾ ਕੀਤੀ ਹੈ। ਬਰਤਾਨੀਆਂ ਦੇ ਇਸ ਸਰਮਾਏਦਾਰਾ ਸਿਆਸੀ ਸਿਧਾਂਤ ਦੇ ਇਸ ਅਸੂਲ ਦੇ ਅਨੁਸਾਰ, ਕਨੂੰਨ ਬਣਾਉਣ ਜਾਂ ਇਨ੍ਹਾਂ ਵਿਚ ਤਬਦੀਲੀ ਕਰਨ ਦਾ ਹੱਕ ਸਿਰਫ ਸੰਸਦ ਕੋਲ ਹੀ ਹੈ। ਲੋਕਾਂ ਨੂੰ ਕਨੂੰਨ ਬਣਾਉਣ ਜਾਂ ਬਦਲਣ ਦਾ ਕੋਈ ਹੱਕ ਨਹੀਂ, ਉਹ ਬੁਨਿਆਦੀ ਕਨੂੰਨ ਜਾਣੀ ਸੰਵਿਧਾਨ ਨੂੰ ਵੀ ਨਹੀਂ ਬਦਲ ਸਕਦੇ। ਅਸੀਂ ਪ੍ਰਭੁਸੱਤਾ ਨੂੰ ਲੋਕਾਂ ਦੇ ਹੱਥਾਂ ਵਿਚ ਦੇਣ ਦੀ ਮੰਗ ਦੀ ਹਮਾਇਤ ਕੀਤੀ ਹੈ। "ਲੋਕ ਰਾਜ" ਦੀ ਮੰਗ ਵੱਲ ਸੜਕਾਂ ਉਤੇ ਉਤਰੇ ਹੋਏ ਲੋਕ ਖਿਚੇ ਗਏ।

2012 ਦੇ ਆਖਰੀ ਮਹੀਨਿਆਂ ਵਿਚ ਜਦੋਂ ਆਮ ਆਦਮੀ ਪਾਰਟੀ ਦੀ ਸਥਾਪਨਾ ਹੋਈ ਤਾਂ ਹਾਲਾਤ ਬਦਲ ਗਏ। ਇੰਡੀਆ ਅਗੇਂਸਟ ਕੁਰਪਸ਼ਨ ਨਾਂ ਦੀ ਜਥੇਬੰਦੀ ਵਿਚੋਂ ਨਿਕਲੀ ਇਹ ਨਵੀਂ ਰਜਿਸਟਰਡ ਪਾਰਟੀ ਆਪਣੇ ਆਪ ਨੂੰ ਬਾਕੀ ਸਾਰੀਆਂ ਪਾਰਟੀਆਂ ਤੋਂ "ਸਾਫ ਅਤੇ ਇਮਾਨਦਾਰ" ਵਿਕਲਪ ਦੇ ਰੂਪ ਵਿਚ ਪੇਸ਼ ਕਰਦੀ ਹੈ। ਇਸ ਪਾਰਟੀ ਦੇ ਉਭਰਨ ਨਾਲ ਵਰਤਮਾਨ ਲੋਕਤੰਤਰ ਦੇ ਢਾਂਚੇ ਅਤੇ ਉਸਦੀ ਰਾਜਨੀਤਕ ਪ੍ਰੀਕ੍ਰਿਆ ਬਾਰੇ ਨਵੇਂ ਨਵੇਂ ਭਰਮ ਪੈਦਾ ਹੋਣੇ ਸ਼ੁਰੂ ਹੋ ਗਏ ਹਨ।

ਜਨਤਾ ਦੇ ਜਜ਼ਬਾਤਾਂ ਦਾ ਪ੍ਰਤੀਬਿੰਬ ਦਿਖਾਂਉਂਦੀ ਹੋਈ, ਆਮ ਆਦਮੀ ਪਾਰਟੀ ਨੇ ਆਪਣੇ ਵਿਜਨ ਡਾਕੂਮੈਂਟ ਵਿਚ ਐਲਾਨ ਕੀਤਾ ਹੈ ਕਿ ਇਸ ਦਾ ਉਦੇਸ਼ ਰਾਜਸੱਤਾ ਨੂੰ ਆਮ ਲੋਕਾਂ ਦੇ ਹੱਥਾਂ ਵਿਚ ਦੇਣਾ ਹੈ। ਨਾਲ ਨਾਲ ਇਹ ਪਾਰਟੀ ਸੰਵਿਧਾਨ ਦੀ ਕਸਮ ਵੀ ਖਾਂਦੀ ਹੈ ਅਤੇ ਸੰਸਦੀ ਪ੍ਰਣਾਲੀ ਦਾ ਹਿੱਸਾ ਬਣ ਚੁੱਕੀ ਹੈ। ਜੇਕਰ ਸੰਸਦ ਦੀ ਪ੍ਰਭੁਸੱਤਾ ਦੇ ਅਸੂਲ ਅਤੇ ਉਸ ਅਸੂਲ ਉਤੇ ਅਧਾਰਤ ਸੰਵਿਧਾਨ ਨੂੰ ਚੁਣੌਤੀ ਨਹੀਂ ਦਿੱਤੀ ਜਾਂਦੀ ਤਾਂ ਸੱਤਾ ਲੋਕਾਂ ਦੇ ਹੱਥਾਂ ਵਿਚ ਕਿਵੇਂ ਦਿੱਤੀ ਜਾ ਸਕਦੀ ਹੈ?

ਆਮ ਆਦਮੀ ਪਾਰਟੀ ਦੇ ਨੇਤਾ ਨੇ ਐਲਾਨ ਕੀਤਾ ਹੈ ਕਿ ਉਹ ਸਰਮਾਏਦਾਰੀ ਦੇ ਖਿਲਾਫ ਨਹੀਂ ਹੈ, ਸਿਰਫ "ਕ੍ਰੋਨੀ ਕੈਪਟਲਿਜ਼ਮ" ਦੇ ਖਿਲਾਫ ਹੈ। ਉਹ ਬਰਤਾਨਵੀ-ਅਮਰੀਕੀ ਸਾਮਰਾਜਵਾਦ ਦਾ ਮੰਤਰ ਹੀ ਦੁਹਰਾ ਰਿਹਾ ਹੈ। ਇਹ ਮੰਤਰ ਇਸ ਅਸਲੀਅਤ ਨੂੰ ਛੁਪਾਉਂਦਾ ਹੈ ਕਿ ਪੂੰਜੀਵਾਦ ਹੁਣ ਅਜਾਰੇਦਾਰ ਪੂੰਜੀਵਾਦ ਦੇ ਪੜਾਅ 'ਤੇ ਪਹੁੰਚ ਚੁੱਕਾ ਹੈ। ਸੱਤਾ ਵਿਚ ਬੈਠੇ ਸਿਆਸਤਦਾਨਾਂ ਅਤੇ ਅਜਾਰੇਦਾਰਾਂ ਵਿਚਕਾਰ ਨਿਕਟਵਰਤੀ ਸਬੰਧ ਹੁਣ ਕੋਈ ਇੱਕਾ-ਦੁੱਕਾ ਘਟਨਾ ਨਹੀਂ ਰਹੇ ਸਗੋਂ ਆਮ ਨਿਯਮ ਬਣ ਗਏ ਹਨ। ਅਜੇਹਾ ਸਿਰਫ ਹਿੰਦੋਸਤਾਨ ਅਤੇ ਭੂਤਪੂਰਵ ਬਸਤੀਵਾਦ ਦੇ ਗੁਲਾਮ ਦੇਸ਼ਾਂ ਵਿਚ ਹੀ ਨਹੀਂ ਸਗੋਂ ਸੱਭ ਤੋਂ ਵਿਕਸਤ ਦੇਸ਼ਾਂ ਵਿਚ ਵੀ ਮੌਜੂਦ ਹੈ। ਅਮਰੀਕਾ, ਬਰਿਟਨ, ਫਰਾਂਸ ਆਦਿ ਵਿਚ ਇੱਕ ਪਾਸੇ ਅਜਾਰੇਦਾਰ ਕਾਰਪੋਰੇਸ਼ਨਾਂ ਅਤੇ ਬੈਂਕਾਂ, ਅਤੇ; ਦੂਜੇ ਪਾਸੇ ਰਾਜ ਦੇ ਉਚਤਮ ਅਧਿਕਾਰੀਆਂ ਵਿਚਕਾਰ ਬਹੁਤ ਨਜ਼ਦੀਕੀ ਵਾਲੇ ਆਪਸੀ ਸਬੰਧ ਹਨ।

"ਕ੍ਰੋਨੀਇਜ਼ਮ" ਬਗੈਰ ਪੂੰਜੀਵਾਦ, ਜਾਣੀ ਸਰਮਾਏਦਾਰਾਂ ਅਤੇ ਸਿਆਸੀ ਨੇਤਾਵਾਂ ਵਿਚਕਾਰ ਆਪਸੀ ਗਾਂਢ-ਸਾਂਢ ਤੋਂ ਬਿਨ੍ਹਾਂ ਪੂੰਜੀਵਾਦ ਹੋਣਾ, ਇੱਕ ਭੁਲੇਖਾ ਹੈ। ਅਜੇਹਾ ਸੋਚਣਾ ਇੱਕ ਸ਼ੇਖਚਿਲੀ ਵਾਲਾ ਸੁਪਨਾ ਹੈ ਕਿ ਅਜਾਰੇਦਾਰ ਸਰਮਾਏਦਾਰੀ ਨੂੰ ਅਣ-ਅਜਾਰੇਦਾਰੀ, ਜਾਣੀ ਮੁਕਾਬਲੇਬਾਜ਼ੀ ਵਾਲੀ ਸਰਮਾਏਦਾਰੀ ਵਿਚ ਬਦਲਿਆ ਜਾ ਸਕਦਾ ਹੈ। ਇਤਿਹਾਸ ਦੇ ਪਹੀਏ ਨੂੰ ਪਿਛਾਂਹ ਵਲ ਨਹੀਂ ਗੇੜਿਆ ਜਾ ਸਕਦਾ। ਅਜਾਰੇਦਾਰ ਸਰਮਾਏਦਾਰੀ ਨੂੰ ਸਮਾਜਵਾਦ ਵਿਚ ਹੀ ਤਬਦੀਲ ਕੀਤਾ ਜਾ ਸਕਦਾ ਹੈ।

ਆਮ ਆਦਮੀ ਪਾਰਟੀ ਪੂੰਜੀਵਾਦ ਅਤੇ ਸਮਾਜਵਾਦ ਵਿਚਕਾਰ ਸੰਘਰਸ਼ ਵਿਚ ਨਿਰਪੱਖ ਹੋਣ ਦਾ ਦਾਅਵਾ ਕਰਦੀ ਹੈ। ਲੇਕਿਨ ਇਸ ਸੰਘਰਸ਼ ਵਿਚ ਨਿਰਪੱਖ ਹੋਣਾ ਮੁਮਕਿਨ ਨਹੀਂ ਹੈ। ਸਾਡਾ ਵਰਤਮਾਨ ਸਮਾਜ ਜਮਾਤਾਂ ਵਿਚ ਵੰਡਿਆ ਹੋਇਆ ਹੈ, ਅਤੇ ਕਿਸੇ ਵੀ ਸਿਆਸੀ ਪਾਰਟੀ ਨੂੰ ਜਾਂ ਤਾਂ ਪੂੰਜੀਵਾਦੀ ਜਮਾਤ ਦੀ ਸੇਵਾ ਕਰਨੀ ਪਵੇਗੀ ਜਾਂ ਮਜ਼ਦੂਰ ਜਮਾਤ ਦੀ। ਜਿਹੜੀ ਪਾਰਟੀ ਪੂੰਜੀਵਾਦ ਦੀ ਹਿਫਾਜ਼ਤ ਕਰਦੀ ਹੈ ਉਹ ਪੂੰਜੀਵਾਦੀ ਸ਼ਾਸਨ ਨੂੰ ਬਰਕਰਾਰ ਰੱਖਣ ਦਾ ਕੰਮ ਕਰਦੀ ਹੈ।

ਆਮ ਆਦਮੀ ਦਾ ਸੰਕਲਪ ਮਜ਼ਦੂਰ ਜਮਾਤ ਦੀ ਪਹਿਚਾਣ ਨੂੰ ਧੁੰਦਲਾ ਕਰਦਾ ਹੈ। ਇਹ ਮਜ਼ਦੂਰਾਂ ਅਤੇ ਕਿਸਾਨਾਂ ਦੀ ਸਿਆਸੀ ਜਾਗ੍ਰਰੁਕਤਾ ਨੂੰ ਨੀਵਾਂ

ਕਰਦਾ ਹੈ। ਇਹ ਉਨ੍ਹਾਂ ਨੂੰ ਆਪਣੀ ਜਮਾਤ ਦੀ ਪਹਿਚਾਣ ਨੂੰ ਭੁਲਾ ਦੇਣ ਲਈ ਪ੍ਰੇਰਿਤ ਕਰਦਾ ਹੈ, ਖੁਦ ਨੂੰ ਆਮ ਆਦਮੀ ਸਮਝਣ ਅਤੇ ਪੂੰਜੀਵਾਦੀ ਜਮਾਤ ਦੇ "ਇਮਾਨਦਾਰ" ਮੈਂਬਰਾਂ ਕੋਲੋਂ ਅਗਵਾਈ ਦੀ ਉਮੀਦ ਕਰਨ ਵੱਲ ਪ੍ਰੇਰਿਤ ਕਰਦਾ ਹੈ।

ਭ੍ਰਿਸ਼ਟਾਚਾਰ ਸਾਡੇ ਦੇਸ਼ ਦੇ ਆਰਥਿਕ ਢਾਂਚੇ ਅਤੇ ਸਿਆਸੀ ਤਾਕਤ ਦਾ ਅਨਿਖੜਵਾਂ ਅੰਗ ਹੈ। ਇਸ ਲਈ ਭ੍ਰਿਸ਼ਟਾਚਾਰ ਦੇ ਖਿਲਾਫ ਸੰਘਰਸ਼ ਨੂੰ ਲੁੱਟ-ਖਸੁੱਟ ਦੇ ਖਿਲਾਫ ਸੰਘਰਸ਼ ਤੋਂ ਅਲੱਗਾ ਨਹੀਂ ਕੀਤਾ ਜਾ ਸਕਦਾ।

ਨੈਸ਼ਨਲ ਅਕਾਉਂਟਸ ਸਟੈਟਿਸਟਿਕਸ ਦੇ ਸਰਕਾਰੀ ਅੰਕੜਿਆਂ ਤੋਂ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ 2012-13 ਵਿਚ ਸਰਮਾਏਦਾਰ ਜਮਾਤ ਨੇ ਸਾਡੇ ਦੇਸ਼ ਦੀ ਧਰਤੀ ਤੋਂ ਮੁਨਾਫੇ, ਵਿਆਜ ਅਤੇ ਕਿਰਾਏ ਦੀ ਆਮਦਨੀ ਨਾਲ ਤਕਰੀਬਨ 31ਲੱਖ ਕਰੋੜ ਰੁਪਏ ਆਪਣੀਆਂ ਜੇਬਾਂ ਵਿਚ ਪਾਏ ਹਨ। ਇਹ ਉਸ ਸਾਲ ਵਿਚ ਕਨੂੰਨੀ ਅਤੇ ਹਿਸਾਬੀ, ਜਾਣੀ ਕਿ "ਚਿੱਟਾ" ਧਨ ਜਾਣੀ ਕਿ ਚਿੱਟਾ ਵਾਧੂ ਮੁੱਲ ਹੈ ਜੋ ਪੂੰਜੀ ਨੇ ਨਿਚੋੜਿਆ ਹੈ। ਇਸ ਤੋਂ ਇਲਾਵਾ, ਸਰਕਾਰੀ ਹਿਸਾਬ-ਕਿਤਾਬ ਦੇ ਦਾਇਰੇ ਤੋਂ ਬਾਹਰ ਭੀ ਬਹੁਤ ਵੱਡੀ ਰਕਮ ਨਿਚੋੜੀ ਗਈ ਹੈ। ਇਹ ਵਾਧੂ ਮੁੱਲ ਦਾ ਕਾਲਾ ਹਿੱਸਾ ਹੈ, ਜਿਹੜਾ ਕਈ ਅਨੁਮਾਨਾਂ ਦੇ ਅਨੁਸਾਰ ਸਫੇਦ ਹਿੱਸੇ ਦਾ ਤਕਰੀਬਨ ਅੱਧਾ ਹੈ।

ਸਾਡਾ ਸੰਘਰਸ਼ ਕਨੂੰਨੀ ਅਤੇ ਗੈਰਕਨੂੰਨੀ, ਕਾਲੀ ਅਤੇ ਸਫੈਦ, ਹਰ ਤਰ੍ਹਾਂ ਦੀ ਲੁੱਟ ਦੇ ਖਿਲਾਫ ਹੈ। ਭ੍ਰਿਸ਼ਟਾਚਾਰ ਦੇ ਖਿਲਾਫ ਸੰਘਰਸ਼ ਨੂੰ ਲੁੱਟ-ਖਸੁੱਟ ਦੇ ਖਿਲਾਫ ਸੰਘਰਸ਼ ਤੋਂ ਅਲੱਗ ਕਰਨ ਨਾਲ ਪੂੰਜੀਵਾਦ ਅਤੇ ਮੌਜੂਦਾ ਹਿੰਦੋਸਤਾਨੀ ਰਾਜ ਬਾਰੇ ਗਲਤ ਸੋਚ ਅਤੇ ਖਤਰਨਾਕ ਭੁਲੇਖੇ ਪੈਦਾ ਹੁੰਦੇ ਹਨ।

ਜਮਾਤੀ ਸੰਘਰਸ਼ ਵਿਚ ਆਮ ਆਦਮੀ ਪਾਰਟੀ ਦੀ ਭੂਮਿਕਾ ਤਕਰੀਬਨ ਉਹੋ ਜਿਹੀ ਹੈ ਜਿਸ ਤਰ੍ਹਾਂ ਦੀ ਭੂਮਿਕਾ ਕਾਂਗਰਸ ਪਾਰਟੀ ਨੇ ਬਸਤੀਵਾਦ-ਵਿਰੋਧੀ ਸੰਘਰਸ਼ ਵਿਚ ਨਿਭਾਈ ਸੀ। ਕਾਂਗਰਸ ਪਾਰਟੀ ਨੇ 1857 ਦੇ ਗ਼ਦਰ ਵਰਗਾ ਇੱਕ ਹੋਰ ਗ਼ਦਰ ਹੋਣ ਤੋਂ ਰੋਕਣ ਵਾਸਤੇ ਇੱਕ ਸੇਫਟੀ ਵਾਲਵ ਦੀ ਭੂਮਿਕਾ ਨਿਭਾਈ ਸੀ।

ਕਾਂਗਰਸ ਪਾਰਟੀ ਨੇ ਲੋਕਾਂ ਦੇ ਗੁੱਸੇ ਅਤੇ ਅਸੰਤੋਸ਼ ਨੂੰ ਅਜੇਹੇ ਰਾਹ ਉਤੇ ਲੈਜਾਣ ਦੀ ਭੂਮਿਕਾ ਨਿਭਾਈ, ਜੋ ਬਸਤੀਵਾਦੀ ਹੁਕਮਰਾਨਾਂ ਨੂੰ ਮਨਜ਼ੂਰ ਸੀ ਅਤੇ ਗ਼ੱਦਾਰ ਹਿੰਦੋਸਤਾਨੀ ਸਰਮਾਏਦਾਰਾਂ ਵਾਸਤੇ ਫਾਇਦੇਮੰਦ ਸੀ। ਕਾਂਗਰਸ ਪਾਰਟੀ ਨੇ ਲੁੱਟ ਦੇ ਬਸਤੀਵਾਦੀ ਢਾਂਚੇ, ਕਨੂੰਨ ਦੇ ਬਸਤੀਵਾਦੀ ਸ਼ਾਸਨ ਅਤੇ ਰਾਜਸੱਤਾ ਦੇ ਸੰਸਥਾਨਾਂ ਨੂੰ ਹਿਲਾਇਆਂ ਬਗੈਰ, "ਮਨਜ਼ੂਰ-ਸ਼ੁਦਾ" ਤਰੀਕਿਆਂ ਨਾਲ ਸਿਆਸੀ ਆਜ਼ਾਦੀ ਹਾਸਲ ਕਰਨ ਦੇ ਰਾਹ ਉਤੇ ਲੋਕਾਂ ਨੂੰ ਗੁਮਰਾਹ ਕੀਤਾ।

ਇਹ ਭੁਲੇਖਾ ਖੜ੍ਹਾ ਕਰਕੇ ਕਿ ਪੂੰਜੀਵਾਦ ਦਾ ਤਖਤਾ ਉਲਟਾਉਣ ਤੋਂ ਬਗੈਰ, ਮੌਜੂਦਾ ਸੰਵਿਧਾਨ ਅਤੇ ਚੋਣ ਪ੍ਰੀਕ੍ਰਿਆ ਦੇ ਅੰਦਰ ਹੀ ਭ੍ਰਿਸ਼ਟਾਚਾਰ ਦੀ ਸਮੱਸਿਆ ਹੱਲ ਹੋ ਸਕਦੀ ਹੈ, ਆਮ ਆਦਮੀ ਪਾਰਟੀ ਇਨਕਲਾਬੀ ਜਾਗ੍ਰਕਤਾ ਦੇ ਵਿਕਾਸ ਨੂੰ ਰੋਕ ਰਹੀ ਹੈ।

**ਚੰਦਰਭਾਨ: ਕੀ ਤੁਸੀਂ ਇਹ ਸਮਝਾ ਸਕਦੇ ਹੋ ਕਿ ਵਾਧੂ ਮੁੱਲ ਕਿਸ ਤਰ੍ਹਾਂ ਨਿਚੋੜਿਆ ਜਾਂਦਾ ਹੈ?**

**ਲਾਲ ਸਿੰਘ:** ਵਪਾਰ-ਵਸਤੂਆਂ ਦਾ ਲੈਣ-ਦੇਣ ਮੁੱਲ ਦੇ ਨਿਯਮ ਅਨੁਸਾਰ ਹੁੰਦਾ ਹੈ। ਆਮ ਤੌਰ ਉਤੇ ਕਿਸੇ ਵਸਤੂ ਦੇ ਉਤਪਾਦਨ ਉਤੇ ਜਿਨੀ ਸਮਾਜਿਕ ਮੇਹਨਤ ਜ਼ਰੂਰੀ ਹੁੰਦੀ ਹੈ, ਉਸ ਦੇ ਅਨੁਪਾਤ ਵਿਚ ਵਸਤੂਆਂ ਦਾ ਲੈਣ-ਦੇਣ ਹੁੰਦਾ ਹੈ। ਕਿਸੇ ਵੀ ਵਸਤੂ ਦਾ ਮੁੱਲ ਉਸ ਵਸਤੂ ਦੇ ਉਤਪਾਦਨ ਵਾਸਤੇ ਲੱਗਣ ਵਾਲੀ ਜ਼ਰੂਰੀ ਮੇਹਨਤ-ਸ਼ਕਤੀ ਦੀ ਮਾਤਰਾ ਉਤੇ ਨਿਰਧਾਰਤ ਹੁੰਦਾ ਹੈ। ਇਸ ਨੂੰ ਮੁੱਲ ਦਾ ਨਿਯਮ ਕਹਿੰਦੇ ਹਨ।

ਯੂਰਪ ਵਿਚ 18ਵੀਂ ਸਦੀ ਵਿਚ ਅਰਥ-ਸ਼ਾਸਤਰੀਆਂ ਨੇ ਮੁੱਲ ਦੇ ਨਿਯਮ ਦੀ ਖੋਜ ਕੀਤੀ ਸੀ, ਪਰ ਉਹ ਇਹ ਨਾ ਸਮਝਾ ਸਕੇ ਕਿ ਸਰਮਾਏਦਾਰਾਂ ਦੇ ਮੁਨਾਫੇ ਦਾ ਸਰੋਤ ਕੀ ਹੈ। ਜੇਕਰ ਮੰਡੀ ਵਿਚ ਬਰਾਬਰ ਦੇ ਮੁੱਲ ਦੀਆਂ ਵਸਤੂਆਂ ਦਾ ਲੈਣ-ਦੇਣ ਹੁੰਦਾ ਹੈ ਤਾਂ ਇੱਕ ਜਮਾਤ ਆਪਣੀ ਨਿੱਜੀ ਸੰਪਤੀ ਦੇ ਮੁੱਲ ਨੂੰ ਕਿਵੇਂ ਲਗਾਤਾਰ ਵਧਾ ਸਕਦਾ ਹੈ? ਸਰਮਾਏਦਾਰ ਬਾਰ ਬਾਰ ਆਰਥਿਕਤਾ ਵਿਚ ਕੁੱਝ ਧਨ ਲਾ ਕੇ ਉਸ ਵਿਚੋਂ ਕਈ ਗੁਣਾ ਜ਼ਿਆਦਾ ਧਨ ਕਿਵੇਂ ਕੱਢ ਸਕਦੇ ਹਨ ਅਤੇ ਇਸ ਤਰ੍ਹਾਂ ਲਗਾਤਾਰ ਆਪਣਾ ਧਨ ਵਧਾ ਸਕਦੇ ਹਨ? ਇਸ ਸਵਾਲ ਦਾ ਜਵਾਬ ਕਿਸੇ ਦੇ ਕੋਲ ਨਹੀਂ ਸੀ। ਫਿਰ 19ਵੀਂ ਸਦੀ ਵਿਚ ਕਾਰਲ ਮਾਰਕਸ ਨੇ ਆਪਣਾ ਵਾਧੂ ਮੁੱਲ ਦਾ ਸਿਧਾਂਤ ਪੇਸ਼ ਕੀਤਾ।

ਮਾਰਕਸ ਨੇ ਇਹ ਸਮਝਾਇਆ ਕਿ ਜਦੋਂ ਕਿਰਤ ਸ਼ਕਤੀ ਨੂੰ ਖਰੀਦਿਆ ਅਤੇ ਵੇਚਿਆ ਜਾ ਸਕਦਾ ਹੈ ਤਾਂ ਇਸ ਕਿਰਤ ਸ਼ਕਤੀ ਦੇ ਮਾਲਕ ਨੂੰ ਵੀ ਇਸ ਕਿਰਤ ਸ਼ਕਤੀ ਦੇ ਮੁੱਲ ਜਿੰਨਾ ਹੀ ਦਿੱਤਾ ਜਾਂਦਾ ਹੈ। ਮਜ਼ਦੂਰਾਂ ਨੂੰ ਸਿਰਫ ਉਤਨਾ ਹੀ ਵੇਤਨ ਮਿਲਦਾ ਹੈ ਜਿਤਨਾ ਉਸਦੀ ਵਿਕਾਊ ਵਸਤੂ, ਜਾਣੀ ਕਿ ਉਸਦੀ ਕਿਰਤ ਸ਼ਕਤੀ ਦਾ ਮੁੜ ਕੇ ਉਤਪਾਦਨ ਕਰਨ ਵਾਸਤੇ ਜ਼ਰੂਰੀ ਹੁੰਦਾ ਹੈ। ਬੇਹਤਰ ਤੋਂ ਬੇਹਤਰ ਹਾਲਤਾਂ ਵਿਚ ਭੀ, ਜਦੋਂ ਮਜ਼ਦੂਰ ਜਥੇਬੰਦ ਹੋਣ ਅਤੇ ਆਪਣੇ ਸਾਂਝੇ ਹਿੱਤਾਂ ਦੀ ਹਿਫਾਜ਼ਤ ਕਰਨ ਦੇ ਕਾਬਲ ਹੋਣ, ਉਦੋਂ ਵੀ ਉਨ੍ਹਾਂ ਨੂੰ ਉਤਨਾ ਹੀ ਵੇਤਨ ਮਿਲਦਾ ਹੈ, ਜਿਤਨਾ ਉਨ੍ਹਾਂ ਦਾ ਜੀਵਨ ਸਤੱਰ ਕਾਇਮ ਰੱਖਣ ਅਤੇ ਹਰੇਕ ਦਿਨ ਸੁਭਾਹ ਵੇਲੇ ਕੰਮ ਉਤੇ ਪਹੁੰਚਣ ਵਾਸਤੇ ਜ਼ਰੂਰੀ ਹੁੰਦਾ ਹੈ। ਵਧ ਰਹੀ ਮਹਿੰਗਾਈ ਅਤੇ ਟੈਕਸਾਂ ਕਰਕੇ ਮਜ਼ਦੂਰ ਨੂੰ ਉਹੀ ਜੀਵਨ ਸਤੱਰ ਕਾਇਮ ਰੱਖਣ ਵਾਸਤੇ ਸੰਘਰਸ਼ ਕਰਨਾ ਪੈਂਦਾ ਹੈ।

ਮਜ਼ਦੂਰ ਦੀ ਮੇਹਨਤ ਨਾਲ ਜੋ ਮੁੱਲ ਪੈਦਾ ਹੁੰਦਾ ਹੈ, ਉਹ ਉਸਦੇ ਜੀਵਨ ਸਤੱਰ ਨੂੰ ਕਾਇਮ ਰੱਖਣ ਵਾਸਤੇ ਜ਼ਰੂਰੀ ਮੁੱਲ ਤੋਂ ਬਹੁਤ ਜ਼ਿਆਦਾ ਹੁੰਦਾ ਹੈ। ਇਸ ਵਾਧੂ ਮੁੱਲ ਨੂੰ ਪੂੰਜੀ ਦਾ ਮਾਲਕ ਮੁਨਾਫੇ, ਵਿਆਜ ਅਤੇ ਕਿਰਾਏ ਦੇ ਰੂਪ ਵਿਚ ਹਥਿਆ ਲੈਂਦਾ ਹੈ। ਮਜ਼ਦੂਰ ਹਰ ਦਿਨ ਆਪਣੇ ਕੰਮ ਦੇ ਪਹਿਲੇ ਕੁੱਝ ਘੰਟਿਆਂ ਵਿਚ ਆਪਣੇ ਵੇਤਨ ਦਾ ਮੁੱਲ ਪੈਦਾ ਕਰ ਦਿੰਦਾ ਹੈ। ਬਾਕੀ ਦਾ ਸਮਾਂ ਉਹ ਪੂੰਜੀਵਾਦੀ ਮਾਲਕ ਵਾਸਤੇ ਵਾਧੂ ਮੁੱਲ ਉਤਪੰਨ ਕਰਦਾ ਹੈ।

ਕਿਸਾਨ ਜੋ ਆਪਣੀ ਥੋੜ੍ਹੀ ਜਿੰਨੀ ਜ਼ਮੀਨ ਵਾਹੁੰਦੇ ਹਨ, ਉਹ ਪੂੰਜੀਵਾਦੀ ਬਾਜ਼ਾਰ ਅਤੇ ਉਧਾਰ ਦੇ ਬਾਜ਼ਾਰ ਵਿਚ ਲੁੱਟੇ ਜਾਂਦੇ ਹਨ। ਉਨ੍ਹਾਂ ਦੀ ਮੇਹਨਤ ਨਾਲ ਪੈਦਾ ਕੀਤੇ ਗਏ ਮੁੱਲ ਦਾ ਕੁੱਝ ਹਿੱਸਾ ਪੂੰਜੀਵਾਦੀ ਵਪਾਰੀ ਕੰਪਨੀ ਲੁੱਟ ਲੈਂਦੀ ਹੈ, ਕਿਉਂਕਿ ਉਹ ਜ਼ਰਾਇਤੀ ਬਾਜ਼ਾਰ ਵਿਚ ਆਪਣੇ ਅਜਾਰੇਦਾਰ ਰੁਤਬੇ ਦਾ ਫਾਇਦਾ ਉਠਾ ਕੇ ਫਸਲਾਂ ਨੂੰ ਸਸਤੇ ਭਾਅ 'ਤੇ ਖਰੀਦ ਲੈਂਦੀ ਹੈ। ਉਨ੍ਹਾਂ ਦੀ ਕਿਰਤ ਸ਼ਕਤੀ ਦੇ ਮੁੱਲ ਦਾ ਇੱਕ ਹਿੱਸਾ ਉਨ੍ਹਾਂ ਨੂੰ ਉਧਾਰ ਦੇਣ ਵਾਲੇ ਸੰਸਥਾਨ ਅਤੇ ਵਿਅਕਤੀ ਲੁੱਟ ਲੈਂਦੇ ਹਨ, ਜਿਹੜੇ ਨਿਯਮਤ ਤੌਰ 'ਤੇ ਵਿਆਜ ਅਤੇ ਮੂਲਧਨ ਦਾ ਭੁਗਤਾਨ ਮੰਗਦੇ ਹਨ। ਕਿਸਾਨ ਦੀ ਆਪਣੀ ਜ਼ਮੀਨ ਉਤੇ ਮਾਲਕੀ ਵੀ ਖਤਰੇ ਵਿਚ ਰਹਿੰਦੀ ਹੈ, ਕਿਉਂਕਿ ਵੱਡੇ ਵੱਡੇ ਸਰਮਾਏਦਾਰ ਆਪਣੇ ਮੁਨਾਫੇਦਾਰ ਕਾਰੋਬਾਰਾਂ ਵਾਸਤੇ ਆਪਣੀ ਮਨਪਸੰਦ ਦੀ ਜ਼ਮੀਨ ਹੜਪਣਾ ਚਾਹੁੰਦੇ ਹਨ ਅਤੇ ਰਾਜ ਉਨ੍ਹਾਂ ਦੀ ਇਸ ਇੱਛਾ ਨੂੰ ਪੂਰਾ ਕਰਨ ਪ੍ਰਤੀ ਬਚਨਬੱਧ ਹੈ।

ਮਜ਼ਦੂਰ ਅਤੇ ਕਿਸਾਨ ਸੱਭ ਤਰ੍ਹਾਂ ਦੇ ਭ੍ਰਿਸ਼ਟਾਚਾਰ ਅਤੇ ਲੁੱਟ ਦੇ ਖਿਲਾਫ ਹਨ ਕਿਉਂਕਿ ਉਨ੍ਹਾਂ ਦੀ ਮੇਹਨਤ ਦੇ ਫਲ ਨੂੰ ਲੁੱਟਿਆ ਜਾਂਦਾ ਹੈ।

ਸਾਨੂੰ ਸਰਬਜਨਕ ਧਨ ਅਤੇ ਸਰਬਜਨਕ ਸੰਪਤੀ ਦੀ ਹਰ ਕਿਸਮ ਦੀ ਲੁੱਟ ਨੂੰ ਫੌਰਨ ਰੋਕਣ ਵਾਸਤੇ, ਵੱਡੀਆਂ ਵੱਡੀਆਂ ਕੰਪਨੀਆਂ ਵਲੋਂ ਜ਼ਮੀਨ ਹੜੱਪਣ ਅਤੇ ਨਿੱਜੀਕਰਣ ਅਤੇ ਉਦਾਰੀਕਰਣ ਦੇ ਪ੍ਰੋਗਰਾਮ ਨੂੰ ਤੁਰੰਤ ਰੋਕਣ ਵਾਸਤੇ ਸੰਘਰਸ਼ ਕਰਨਾ ਪਏਗਾ।

ਸਾਨੂੰ ਸਮਾਜਿਕ ਉਤਪਾਦਨ ਦੇ ਸਾਧਨਾਂ ਦੀ ਮਾਲਕੀ ਨੂੰ ਬਦਲ ਕੇ, ਮੇਹਨਤਕਸ਼ ਜਨਤਾ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਦੀ ਦਿਸ਼ਾ ਵਿਚ ਆਰਥਿਕਤਾ ਨੂੰ ਚਲਾਉਣ ਦੇ ਵਿਕਲਪਿਕ ਪ੍ਰੋਗਰਾਮ ਵਾਸਤੇ ਸੰਘਰਸ਼ ਕਰਨਾ ਪਏਗਾ।

ਇਸ ਸਮੇਂ ਸਾਡੇ ਦੇਸ਼ ਵਿਚ ਸਮਾਜਿਕ ਉਤਪਾਦਨ ਦੇ ਸਾਧਨ ਟਾਟੇ, ਅੰਬਾਨੀ, ਬਿਰਲੇ ਅਤੇ ਹੋਰ ਅਜਾਰੇਦਾਰ ਘਰਾਣਿਆਂ ਦੀ ਅਗਵਾਈ ਵਿਚ ਕੁੱਝ ਮੁੱਠੀਭਰ ਪੂੰਜੀਪਤੀਆਂ ਦੀ ਸੰਪਤੀ ਦੇ ਰੂਪ ਵਿਚ ਸਕੇਂਦਰਿਤ ਹੈ। ਇਨ੍ਹਾਂ ਨੂੰ ਸਮਾਜ ਦੀ ਸੰਪਤੀ ਵਿਚ ਬਦਲਣਾ ਪਏਗਾ ਅਤੇ ਸਮਾਜ ਦੇ ਸੱਭ ਮੈਂਬਰਾਂ ਨੂੰ ਕੰਮ, ਰੁਜ਼ਗਾਰ, ਖੁਸ਼ਹਾਲੀ ਅਤੇ ਸੁਰੱਖਿਆ ਦੁਆਉਣ ਵਾਸਤੇ ਇਸਤੇਮਾਲ ਕਰਨਾ ਪਏਗਾ। ਜਦੋਂ

ਅਜੇਹਾ ਕਰ ਦਿੱਤਾ ਜਾਵੇਗਾ ਤਾਂ ਕੋਈ ਵੀ ਕਿਸੇ ਦੂਸਰੇ ਦੀ ਮੇਹਨਤ ਨੂੰ ਲੁੱਟ ਕੇ ਖੁਸ਼ਹਾਲ ਨਹੀਂ ਹੋ ਸਕੇਗਾ। ਮਾਨਵੀ ਮੇਹਨਤ ਨਾਲ ਉਤਪੰਨ ਵਾਧੂ ਮੁੱਲ ਦਾ ਇਸਤੇਮਾਲ ਕਰਕੇ ਮੇਹਨਤਕਸ਼ਾਂ ਦੇ ਜੀਵਨ ਸਤੱਰ ਅਤੇ ਉਤਪਾਦਕ ਕਾਬਲੀਅਤ ਨੂੰ ਵਧਾਇਆ ਜਾਵੇਗਾ।

ਕਿਸਾਨਾਂ, ਕਾਰੀਗਰਾਂ ਅਤੇ ਹੋਰ ਸਵੈ-ਰੁਜ਼ਗਾਰ ਵਾਲਿਆਂ ਦੀ ਨਿੱਜੀ ਸੰਪਤੀ ਨੂੰ ਪੂੰਜੀਵਾਦੀ ਕੰਪਨੀਆਂ ਤੋਂ ਸੁਰੱਖਿਅਤ ਰੱਖਣਾ ਪਵੇਗਾ। ਛੋਟੇ ਉਤਪਾਦਕਾਂ ਨੂੰ ਸਵੈ-ਇੱਛਾ ਨਾਲ ਆਪਣੀ ਸੰਪਤੀ ਦਾ ਸਮੂਹੀਕਰਣ ਕਰਨ ਵਿਚ ਰਾਜ ਸੱਭਤਰਫਾ ਮੱਦਦ ਅਤੇ ਹੱਲਾਸ਼ੇਰੀ ਦੇਵੇਗਾ ਤਾਂ ਕਿ ਉਨ੍ਹਾਂ ਦੇ ਉਤਪਾਦਨ ਦਾ ਸਤੱਰ ਵਧ ਸਕੇ ਅਤੇ ਆਧੁਨਿਕ ਤਕਨੀਕ ਦਾ ਲਾਭ ਉਠਾ ਸਕਣ।

ਅਜੇਹੀ ਇਨਕਲਾਬੀ ਤਬਦੀਲੀ ਕੌਣ ਲਿਆ ਸਕਦਾ ਹੈ? ਕੇਵਲ ਮਜ਼ਦੂਰ ਜਮਾਤ ਹੀ ਇੱਕੋ ਇੱਕ ਐਸੀ ਜਮਾਤ ਹੈ ਜਿਹੜੀ ਕਿਸਾਨਾਂ ਦੇ ਨਾਲ ਗਠਬੰਧਨ ਬਣਾ ਕੇ ਇਹ ਪ੍ਰੀਵਰਤਨ ਲਿਆ ਸਕਦੀ ਹੈ। ਇਹ ਭੂਮਿਕਾ ਨਿਭਾਉਣ ਵਾਸਤੇ ਮਜ਼ਦੂਰ ਜਮਾਤ ਨੂੰ ਜਥੇਬੰਦ ਕਰਨਾ ਅਤੇ ਅਗਵਾਈ ਦੇਣਾ ਕਮਿਊਨਿਸਟਾਂ ਦਾ ਕੰਮ ਹੈ।

**ਚੰਦਰਭਾਨ: ਸਮਾਚਾਰ ਮੀਡੀਏ ਵਿਚ ਭ੍ਰਿਸ਼ਟਾਚਾਰ ਵਾਦ-ਵਿਵਾਦ ਦਾ ਮੁੱਖ ਮੁੱਦਾ ਕਿਉਂ ਬਣਿਆਂ ਹੋਇਆ ਹੈ।**

**ਲਾਲ ਸਿੰਘ:** ਇਸ ਸਵਾਲ ਦਾ ਜਵਾਬ ਦੇਣ ਵਾਸਤੇ ਇਹ ਸਮਝਣਾ ਜ਼ਰੂਰੀ ਹੈ ਕਿ ਮੀਡੀਏ ਉਤੇ ਕਿਸ ਦਾ ਕੰਟਰੋਲ ਹੈ। ਵੱਡੇ ਵੱਡੇ ਉਦਯੋਗਿਕ ਘਰਾਣਿਆਂ ਦੀਆਂ ਸਰਮਾਏਦਾਰਾ ਕੰਪਨੀਆਂ ਦਾ ਸਮਾਚਾਰ ਮੀਡੀਏ ਉਤੇ ਪੂਰਾ ਕੰਟਰੋਲ ਹੈ।

ਮੁਕੇਸ਼ ਅੰਬਾਨੀ ਦੇ ਰਿਲਾਐਂਸ ਇੰਡਸਟਰੀਜ਼ ਲਿਮਟਿਡ, ਜਿਸਦਾ ਸੀ.ਐਨ.ਐਨ.-ਆਈ.ਬੀ.ਐਨ. ਉਤੇ ਕੰਟਰੋਲ ਹੈ, ਉਸਨੇ ਜਨਵਰੀ, 2012 ਵਿਚ ਨੈਟਵਰਕ 18 ਸਮੂਹ ਦੇ ਨਾਲ ਇੱਕ ਸਮਝੌਤਾ ਕਰ ਲਿਆ ਅਤੇ ਹਿੰਦੋਸਤਾਨ ਦਾ ਸੱਭ ਤੋਂ ਵੱਡਾ ਮੀਡੀਆ ਸਮੂਹ ਬਣ ਗਿਆ, ਰੂਪਰਟ ਮਰਡੌਕ ਦੇ ਸਟਾਰ ਸਮੂਹ ਤੋਂ ਵੀ ਵੱਡਾ। ਅਦਿਤਿਆ ਬਿਰਲਾ ਸਮੂਹ ਲਿਵਿੰਗ ਇੰਡੀਆ ਲਿਮਟਿਡ ਦੇ 27.5 ਪ੍ਰਤੀਸ਼ਤ ਦਾ ਮਾਲਕ ਹੈ, ਅਤੇ ਇਹ ਕੰਪਨੀ ਆਜਤਕ ਅਤੇ ਹੈਡਲਾਈਨਜ਼ ਟੂਡੇ ਅਤੇ ਇੰਡੀਆ ਟੂਡੇ ਸਮੇਤ ਕਈ ਅਖਬਾਰਾਂ ਦੀ ਮਾਲਕ ਹੈ। ਇਸੇ ਤਰ੍ਹਾਂ ਹੀ, ਸਾਰੇ ਦੈਨਿਕ ਅਖਬਾਰਾਂ ਉਤੇ, ਟੀ.ਵੀ. ਨਿਊਜ਼ ਚੈਨਲਾਂ ਉਤੇ, ਵੱਖ ਵੱਖ ਅਜਾਰੇਦਾਰ ਸਰਮਾਏਦਾਰਾ ਸਮੂਹਾਂ ਦਾ ਕੰਟਰੋਲ ਹੈ।

ਰੋਜ਼ਾਨਾ ਅਖਬਾਰਾਂ ਦੇ ਮੁੱਖ ਸੰਪਾਦਕਾਂ ਅਤੇ ਟੀ.ਵੀ. ਨਿਊਜ਼ ਚੈਨਲਾਂ ਦੇ ਐਂਕਰ ਪੱਤਰਕਾਰਾਂ ਨੂੰ ਮੀਡੀਆ ਕੰਪਨੀਆਂ ਦੇ ਸਰਮਾਏਦਾਰ ਮਾਲਕਾਂ ਵਲੋਂ ਨਿਰਧਾਰਤ ਕੀਤੇ ਨਿਰਦੇਸ਼ਾਂ ਅਨੁਸਾਰ ਕੰਮ ਕਰਨਾ ਪੈਂਦਾ ਹੈ। ਫੀਲਡ ਵਿਚ ਕੰਮ ਕਰਨ ਵਾਲਾ ਕੋਈ ਰਿਪੋਰਟਰ ਸ਼ਾਇਦ ਨਿਰਧਾਰਤ ਨਿਰਦੇਸ਼ਾਂ ਤੋਂ ਨਾਵਾਕਿਫ ਹੋਵੇ ਪਰ ਮੁੱਖ ਸੰਪਾਦਕ ਇਹ ਯਕੀਨੀ ਬਣਾਉਂਦਾ ਹੈ ਕਿ ਕੋਈ ਅਜੇਹੀ ਗੱਲ ਨਾ ਛਾਪੀ ਜਾਵੇ ਜਾਂ ਪ੍ਰਚਾਰੀ ਜਾਵੇ, ਜੋ ਸਰਮਾਏਦਾਰ ਮਾਲਕ ਨਾ ਚਾਹੁੰਦਾ ਹੋਵੇ। ਜੇਕਰ ਕੋਈ ਮੁੱਖ ਸੰਪਾਦਕ ਅਜੇਹੀ ਗੱਲ ਛਾਪ ਦਿੰਦਾ ਹੈ ਜੋ ਮਾਲਕਾਂ ਨੂੰ ਪਸੰਦ ਨਾ ਹੋਵੇ, ਤਾਂ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ ਜਾਂਦਾ ਹੈ।

ਅੱਜ ਭ੍ਰਿਸ਼ਟਾਚਾਰ ਮੀਡੀਏ ਵਿਚ ਚਰਚਾ ਅਤੇ ਵਾਦ-ਵਿਵਾਦ ਦਾ ਮੁੱਖ ਮੁੱਦਾ ਇਸ ਲਈ ਬਣ ਗਿਆ ਹੈ, ਕਿਉਂਕਿ ਹਿੰਦੋਸਤਾਨੀ ਅਤੇ ਬਦੇਸ਼ੀ ਵੱਡੇ ਵੱਡੇ ਅਜਾਰੇਦਾਰ ਪੂੰਜੀਪਤੀ ਲੋਕਾਂ ਦਾ ਧਿਆਨ ਇਸ ਪਾਸੇ ਖਿਚਣਾ ਚਾਹੁੰਦੇ ਹਨ। ਉਹ ਲੋਕ ਸਭਾ ਦੇ ਚੋਣਾਂ ਵਿਚ ਖੜ੍ਹੇ ਹੋ ਰਹੇ ਸੱਭ ਖਿਲਾੜੀਆਂ ਉਤੇ ਦਬਾਅ ਪਾ ਰਹੇ ਹਨ ਕਿ ਸਿਆਸੀ ਭ੍ਰਿਸ਼ਟਾਚਾਰ ਨੂੰ ਮੁੱਖ ਮੁੱਦਾ ਬਣਾਇਆ ਜਾਵੇ। ਆਪਸ ਵਿਚ ਵਿਰੋਧੀ ਪਾਰਟੀਆਂ ਵਿਚਕਾਰ ਇਸ ਗੱਲ ਉਤੇ ਲੜਾਈ ਹੋ ਰਹੀ ਹੈ ਕਿ ਇਸ ਪੂਰਵ-ਨਿਰਧਾਰਤ ਪ੍ਰੋਗਰਾਮ ਨੂੰ ਲਾਗੂ ਕਰਨ ਵਿਚ ਸੱਭ ਤੋਂ ਵੱਧ ਕੁਸ਼ਲ ਕੌਣ ਹੋ ਸਕਦਾ ਹੈ। ਇਸ ਵਾਸਤੇ, ਨਰਿੰਦਰ ਮੋਦੀ ਹੋਵੇ ਜਾਂ ਰਾਹੁਲ ਗਾਂਧੀ, ਸੱਭ ਹੀ ਮੁੱਖ ਖਿਲਾੜੀ ਖੁਦ ਨੂੰ ਭ੍ਰਿਸ਼ਟਾਚਾਰ ਦੇ ਖਿਲਾਫ ਸੱਭ ਤੋਂ ਵੱਡੇ ਯੋਧੇ ਦੇ ਤੌਰ ਤੇ ਪੇਸ਼ ਕਰ ਰਹੇ ਹਨ।

ਇਹ ਪਹਿਲੀ ਵਾਰ ਨਹੀਂ ਹੈ ਕਿ ਭ੍ਰਿਸ਼ਟਾਚਾਰ ਨੂੰ ਅੱਵਲ ਦਰਜਾ ਦਿਤਾ ਜਾ ਰਿਹਾ ਹੈ। 70ਵਿਆਂ ਦੇ ਦਹਾਕੇ ਵਿਚ ਜੈ ਪ੍ਰਕਾਸ਼ ਨਰਾਇਣ ਦੀ ਅਗਵਾਈ ਵਿਚ ਭ੍ਰਿਸ਼ਟਾਚਾਰ-ਵਿਰੋਧੀ ਮੁਹਿੰਮ ਚਲੀ ਸੀ। 80ਵਿਆਂ ਦੇ ਅਖੀਰਲੇ ਸਾਲਾਂ ਵਿਚ ਵੀ.ਪੀ.ਸਿੰਘ ਨੇ ਇੱਕ ਹੋਰ ਭ੍ਰਿਸ਼ਟਾਚਾਰ-ਵਿਰੋਧੀ ਮੁਹਿੰਮ ਦੀ ਅਗਵਾਈ ਕੀਤੀ ਸੀ। ਵੱਡੇ ਸਰਮਾਏਦਾਰ ਇੱਕ ਦੂਸਰੇ ਨਾਲ ਹਿਸਾਬ-ਕਿਤਾਬ ਬਰਾਬਰ ਕਰਨ ਵਾਸਤੇ ਭ੍ਰਿਸ਼ਟਾਚਾਰ-ਵਿਰੋਧੀ ਮੁਹਿੰਮ ਦਾ ਇਸਤੇਮਾਲ ਕਰਦੇ ਆਏ ਹਨ। ਪਰ ਇਸ ਨਾਲ ਭ੍ਰਿਸ਼ਟਾਚਾਰ ਨੂੰ ਭੋਰਾ ਜਿੰਨਾ ਵੀ ਫਰਕ ਨਹੀਂ ਪਿਆ, ਬਲਕਿ ਜਿਵੇਂ ਜਿਵੇਂ ਅਜਾਰੇਦਾਰਾਂ ਦੀ ਚੌਧਰ ਵਧ ਰਹੀ ਹੈ ਤਿਵੇਂ ਤਿਵੇਂ ਭ੍ਰਿਸ਼ਟਾਚਾਰ ਵੀ ਵਧ ਰਿਹਾ ਹੈ।

ਵਿਸ਼ਵ ਬੈਂਕ, ਆਈ.ਐਮ.ਐਫ., ਯੂ.ਐਨ.ਡੀ.ਪੀ. ਅਤੇ ਬਹੁ-ਪੱਖੀ ਏਜੰਸੀਆਂ ਬਜ਼ਾਰ ਦੇ ਅਨੁਕੂਲ ਆਰਥਿਕ ਨੀਤੀਗਤ ਸੁਧਾਰਾਂ ਦੇ ਨਾਲ ਨਾਲ "ਭ੍ਰਿਸ਼ਟਾਚਾਰ-ਵਿਰੋਧ ਅਤੇ ਅੱਛੇ ਸ਼ਾਸਨ ਵਾਸਤੇ ਸੁਧਾਰਾਂ" ਦੇ ਪ੍ਰੋਗਰਾਮ ਦੇ ਹੱਕ ਵਿਚ ਕਈਆਂ ਸਾਲਾਂ ਤੋਂ ਜ਼ੋਰ ਦਿੰਦੇ ਆ ਰਹੇ ਹਨ। ਸਾਮਰਾਜਵਾਦੀਆਂ ਦਾ ਅਜੰਡਾ ਇਹ ਹੈ ਕਿ ਦੁਨੀਆਂ ਦੇ ਸੱਭ ਮੁਲਕਾਂ ਵਿਚ ਸਰਮਾਏਦਾਰਾ ਮੁਕਾਬਲੇ ਦੇ ਇੱਕੋ ਜਿਹੇ ਨਿਯਮ ਹੋਣ ਤਾਂ ਕਿ ਉਨ੍ਹਾਂ ਦੀਆਂ ਬਹੁ-ਰਾਸ਼ਟਰੀ ਕੰਪਨੀਆਂ ਨੂੰ ਸੱਭ ਰਾਸ਼ਟਰੀ ਸੀਮਾਵਾਂ ਦੇ ਪਾਰ ਸੱਭ ਬਾਜ਼ਾਰਾਂ ਵਿਚ ਪ੍ਰਵੇਸ਼ ਕਰਨਾ ਸੌਖਾ ਬਣ ਜਾਏ।

ਹਿੰਦੋਸਤਾਨ ਦੇ ਵੱਡੇ ਪੂੰਜੀਪਤੀ ਜਿੱਥੇ ਵੀ ਸੰਭਵ ਹੋਵੇ, ਉਥੇ ਹੇਠਲੀਆਂ ਸਫਾਂ ਉਤੇ ਹੋ ਰਹੇ ਭ੍ਰਿਸ਼ਟਾਚਾਰ ਨੂੰ ਖਤਮ ਕਰਨਾ ਚਾਹੁੰਦੇ ਹਨ। ਉਹ ਹਿੰਦੋਸਤਾਨੀ ਰਾਜ ਦੀ ਭਰੋਸੇਯੋਗਤਾ ਨੂੰ ਵਧਾਉਣਾ ਚਾਹੁੰਦੇ ਹਨ ਅਤੇ ਅੰਤਰਰਾਸ਼ਟਰੀ ਤੌਰ ਉਤੇ ਇਸ ਦਾ ਸੋਹਣਾ ਅਕਸ ਦਿਖਾਉਣਾ ਚਾਹੁੰਦੇ ਹਨ।

ਖਾਸ ਤੌਰ ਤੇ ਇਸ ਸਮੇਂ ਭ੍ਰਿਸ਼ਟਾਚਾਰ ਵੱਲ ਸਰਮਾਏਦਾਰਾਂ ਵਲੋਂ ਏਨਾ ਜ਼ਿਆਦਾ ਧਿਆਨ ਦੇਣ ਦਾ ਕਾਰਨ ਇਹ ਹੈ ਕਿ ਉਹ ਲੁੱਟ-ਖਸੁੱਟ, ਸਮਾਜ-ਵਿਰੋਧੀ ਆਰਥਿਕ ਸੁਧਾਰਾਂ ਦਾ ਪ੍ਰੋਗਰਾਮ, ਅਮਰੀਕੀ ਸਾਮਰਾਜਵਾਦ ਦੀਆਂ ਹਮਲਾਵਰ ਅਪਰਾਧੀ ਹਰਕਤਾਂ, ਰਾਜਕੀ ਆਤੰਕਵਾਦ, ਆਦਿ ਵਰਗੀਆਂ ਸਮੱਸਿਆਵਾਂ ਵਲੋਂ ਲੋਕਾਂ ਦਾ ਧਿਆਨ ਲਾਂਭੇ ਲਿਜਾਣਾ ਚਾਹੁੰਦੇ ਹਨ।

ਚੰਦਰਭਾਨ: ਸੱਤਾ ਦੇ ਵਿਕੇਂਦਰੀਕਰਣ ਬਾਰੇ ਤੁਹਾਡੇ ਕੀ ਵਿਚਾਰ ਹਨ?

ਲਾਲ ਸਿੰਘ: ਇਹ ਸੋਚ ਕਿ ਸੱਤਾ ਦੇ ਵਿਕੇਂਦਰੀਕਰਣ ਨਾਲ ਲੋਕਾਂ ਨੂੰ ਸੱਤਾ ਵਿਚ ਲਿਆਇਆ ਜਾ ਸਕਦਾ ਹੈ, ਇਹ ਸਿਧਾਂਤਕ ਤੌਰ ਉਤੇ ਗਲਤ ਵਿਚਾਰ ਹੈ। ਸਿਆਸੀ ਤਾਕਤ ਉਹ ਸਾਧਨ ਹੈ ਜਿਸ ਨਾਲ ਸਮਾਜਿਕ ਹਾਲਤਾਂ ਨੂੰ ਬਦਲਿਆ ਜਾ ਸਕਦਾ ਹੈ। ਸੱਤਾ ਦਾ ਸੁਭਾਵਿਕ ਖਾਸਾ ਹੀ ਇਹੋ ਹੈ ਕਿ ਇਹ ਕੇਂਦਰਿਤ ਹੁੰਦੀ ਹੈ।

ਕੀ ਇੱਕ ਪਿੰਡ ਦੀ ਪੰਚਾਇਤ, ਕਿਸੇ ਸ਼ਹਿਰੀ ਮੁਹੱਲੇ ਦੀ ਕਮੇਟੀ ਜਾਂ ਇਸ ਤਰ੍ਹਾਂ ਦੀ ਕੋਈ ਸਥਾਨਕ ਸੰਸਥਾ, ਰਾਜ ਜਾਂ ਕੇਂਦਰੀ ਪੱਧਰ ਦੇ ਅਧਿਕਾਰੀਆਂ ਦੀ ਹਮਾਇਤ ਤੋਂ ਬਗੈਰ, ਆਪਣੇ ਸਥਾਨਕ ਮਾਮਲਿਆਂ ਉਤੇ ਪੂਰਾ ਕੰਟਰੋਲ ਕਰ ਸਕਦੀ ਹੈ? ਨਹੀਂ! ਅਜੇਹਾ ਹੋਣਾ ਸੰਭਵ ਨਹੀਂ। ਕਿਉਂਕਿ ਆਰਥਿਕ ਅਤੇ ਸਮਾਜਿਕ ਜੀਵਨ ਆਪਸ-ਵਿਚ ਬਹੁਤ ਪੀਡੇ ਤੌਰ ਤੇ ਜੁੜੇ ਹੋਏ ਹਨ। ਸਿੰਜਾਈ ਦੇ ਪਾਣੀ ਦਾ ਸਵਾਲ ਹੋਵੇ ਜਾਂ ਸੜਕਾਂ ਜਾਂ ਬਿਜਲੀ ਦੀ ਸਪਲਾਈ ਦਾ, ਇਸ ਤਰ੍ਹਾਂ ਦੀਆਂ ਸਮੱਸਿਆਵਾਂ ਸਥਾਨਕ ਸੀਮਾਵਾਂ ਦੇ ਅੰਦਰ ਹੱਲ ਨਹੀਂ ਕੀਤੀਆਂ ਜਾ ਸਕਦੀਆਂ। ਇਨ੍ਹਾਂ ਮਸਲਿਆਂ ਦਾ ਹੱਲ ਕੇਂਦਰ ਸਰਕਾਰ ਦੇ ਫੈਸਲਿਆਂ ਉਤੇ ਨਿਰਭਰ ਹੈ। ਸੋ, ਮੇਹਨਤਕਸ਼ਾਂ ਵਾਸਤੇ ਸਿਰਫ ਸਥਾਨਕ ਮਸਲਿਆਂ ਉਤੇ ਕੰਟਰੋਲ ਕਰਨਾ ਕਾਫੀ ਨਹੀਂ ਹੈ। ਮੇਹਨਤਕਸ਼ਾਂ ਨੂੰ ਸਮੁੱਚੇ ਦੇਸ਼ ਉਤੇ ਆਪਣਾ ਸ਼ਾਸਨ ਸਥਾਪਨ ਕਰਨਾ ਪਵੇਗਾ।

ਮਜ਼ਦੂਰ ਜਮਾਤ ਨੂੰ, ਸਿਰਫ ਸਥਾਨਕ ਸਾਧਨਾਂ ਉਤੇ ਹੀ ਨਹੀਂ ਬਲਕਿ ਦੇਸ਼ ਦੇ ਸੰਪੂਰਨ ਸਾਧਨਾਂ ਉਤੇ ਕੰਟਰੋਲ ਹਾਸਲ ਕਰਨ ਵਾਸਤੇ ਲੋਕਾਂ ਦੇ ਸੰਘਰਸ਼ ਨੂੰ ਅਗਵਾਈ ਦੇਣੀ ਪਵੇਗੀ।

ਵਿਕੇਂਦਰੀਕਰਣ ਦੇ ਵਿਚਾਰਾਂ ਨੂੰ ਬੜਾਵਾ ਦੇਣ ਦੇ ਪਿੱਛੇ ਸਾਮਰਾਜਵਾਦ ਅਤੇ ਸਰਮਾਏਦਾਰਾਂ ਦੇ ਨਾਪਾਕ ਇਰਾਦੇ ਹਨ। ਉਨ੍ਹਾਂ ਦਾ ਉਦੇਸ਼ ਆਪਣੇ ਸ਼ਰੀਕਾਂ ਨੂੰ ਕਮਜ਼ੋਰ ਕਰਨਾ, ਉਨ੍ਹਾਂ ਦੀ ਤਾਕਤ ਨੂੰ ਖਤਮ ਕਰਨਾ ਹੈ। ਇਸ ਦੀਆਂ ਬਹੁਤ ਸਾਰੀਆਂ ਮਿਸਾਲਾਂ ਦੇਖੀਆਂ ਜਾ ਸਕਦੀਆਂ ਹਨ।

1997 ਵਿਚ ਜਦੋਂ ਵਿਸ਼ਵ ਬੈਂਕ ਦਾ ਪ੍ਰਧਾਨ ਵੁਲਫੈਨਸਨ ਦਿੱਲੀ ਵਿਚ ਆਇਆ ਸੀ ਤਾਂ ਆਂਧਰਾ ਪ੍ਰਦੇਸ਼ ਦੇ ਤਤਕਾਲੀਨ ਮੁੱਖਮੰਤਰੀ ਚੰਦਰਬਾਬੂ ਨਾਇਡੂ ਉਸ ਨੂੰ ਮਿਲਣ ਵਾਸਤੇ ਦੌੜਾ ਆਇਆ ਅਤੇ ਆਪਣੇ ਸੂਬੇ ਨੂੰ ਦੱਖਣੀ ਕੋਰੀਆ ਜਾਂ ਥਾਇਲੈਂਡ ਵਰਗਾ "ਏਸ਼ੀਆਈ ਸ਼ੇਰ" ਬਣਾਉਣ ਵਾਸਤੇ ਵਿਸ਼ਵ ਬੈਂਕ ਕੋਲੋਂ ਸਹਾਇਤਾ ਮੰਗੀ। ਉਸ ਸਾਲ ਵਿਸ਼ਵ ਬੈਂਕ ਹਿੰਦੋਸਤਾਨ ਦੀ ਸਰਕਾਰ ਉਤੇ ਦਬਾਅ ਪਾ ਰਹੀ ਸੀ ਕਿ ਬੈਂਕ ਨੂੰ ਵੱਖ ਵੱਖ ਸੂਬਿਆਂ ਦੀਆਂ ਸਰਕਾਰਾਂ ਨਾਲ "ਨੀਤੀਗਤ ਵਾਰਤਾਲਾਪ" ਕਰਨ ਅਤੇ ਨੀਤੀ ਅਧਾਰਤ ਕਰਜ਼ੇ ਦੇਣ ਦੀ ਇਜਾਜ਼ਤ ਦਿੱਤੀ ਜਾਵੇ। ਇਸ ਰਣਨੀਤੀ ਦਾ ਮਕਸਦ ਸੂਬਾ ਸਰਕਾਰਾਂ ਦੀ ਆਪਸ-ਵਿਚ ਮੁਕਾਬਲੇਬਾਜ਼ੀ ਨੂੰ ਉਤਸ਼ਾਹਤ ਕਰਨਾ ਅਤੇ ਕੇਂਦਰ ਸਰਕਾਰ ਦੇ ਕੰਟਰੋਲ ਨੂੰ ਕਮਜ਼ੋਰ ਕਰਨਾ ਸੀ।

ਕੁੱਝ ਲੋਕਾਂ ਦੀ ਸੋਚਣੀ ਹੈ ਕਿ ਕੇਂਦਰ ਰਾਜ ਦਾ ਕਮਜ਼ੋਰ ਹੋਣਾ ਸਕਾਰਾਤਮਕ ਹੈ। ਇਹ ਇੱਕ ਗਲਤ ਸੋਚ ਹੈ। ਕੇਂਦਰੀ ਰਾਜ ਦਾ ਕਮਜ਼ੋਰ ਹੋਣਾ ਤਦ ਹੀ ਸਕਾਰਾਤਮਕ ਹੋਵੇਗਾ ਜਦੋਂ ਇਨਕਲਾਬੀ ਤਾਕਤਾਂ ਉਸ ਨੂੰ ਕਮਜ਼ੋਰ ਕਰ ਦੇਣਗੀਆਂ ਅਤੇ ਉਸਦੀ ਜਗ੍ਹਾ ਮਜ਼ਦੂਰ-ਕਿਸਾਨ ਸ਼ਾਸਨ ਦਾ ਨਵਾਂ ਰਾਜ ਸਥਾਪਤ ਕਰਨਗੀਆਂ। ਪਰ ਜੇਕਰ ਬਦੇਸ਼ੀ ਤਾਕਤਾਂ ਆਪਣੀ ਹੈਂਕੜ ਜਮਾਉਣ ਵਾਸਤੇ ਕੇਂਦਰੀ ਰਾਜ ਨੂੰ ਕਮਜ਼ੋਰ ਕਰ ਰਹੀਆਂ ਹਨ ਤਾਂ ਉਹ ਬਹੁਤ ਹੀ ਖਤਰਨਾਕ ਹੋਵੇਗਾ।

ਸਰਮਾਏਦਾਰ ਜਮਾਤ, ਫੈਸਲੇ ਲੈਣ ਦੀ ਪ੍ਰੀਕ੍ਰਿਆ ਵਿਚੋਂ ਬਹੁਤੇਰੇ ਲੋਕਾਂ ਨੂੰ ਬਾਹਰ ਰੱਖ ਕੇ ਰਾਜਨੀਤਕ ਤਾਕਤ ਨੂੰ ਆਪਣੇ ਹੱਥਾਂ ਵਿਚ ਸਕੇਂਦਰਿਤ ਕਰਦੀ ਹੈ। ਮਜ਼ਦੂਰ ਜਮਾਤ ਲੋਕਤੰਤਰਿਕ ਕੇਂਦਰੀਵਾਦ ਦੇ ਅਸੂਲਾਂ ਦੇ ਅਧਾਰ ਉਤੇ, ਫੈਸਲੇ ਲੈਣ ਦੀ ਪ੍ਰੀਕ੍ਰਿਆ ਵਿਚ ਬਹੁਤੇਰੇ ਲੋਕਾਂ ਨੂੰ ਸ਼ਾਮਲ ਕਰਕੇ, ਰਾਜਨੀਤਕ ਸੱਤਾ ਨੂੰ ਆਪਣੇ ਹੱਥਾਂ ਵਿਚ ਸਕੇਂਦਰਿਤ ਕਰੇਗੀ।

**ਚੰਦਰਭਾਨ: ਲੋਕਤੰਤਰਿਕ ਕੇਂਦਰੀਵਾਦ ਕੀ ਹੈ?**

**ਲਾਲ ਸਿੰਘ:** ਲੋਕਤੰਤਰਿਕ ਕੇਂਦਰੀਵਾਦ ਮਜ਼ਦੂਰ ਜਮਾਤ ਦਾ ਜਥੇਬੰਦਕ ਅਸੂਲ ਹੈ। ਮਜ਼ਦੂਰ ਜਮਾਤ ਦੀ ਪਾਰਟੀ ਅਤੇ ਮਜ਼ਦੂਰ ਜਮਾਤ ਦੇ ਰਾਜ ਦਾ ਨਿਰਮਾਣ ਇਸੇ ਅਸੂਲ ਉਤੇ ਅਧਾਰਤ ਹੈ।

ਕਮਿਊਨਿਸਟ ਪਾਰਟੀ ਦੀ ਭੂਮਿਕਾ ਮਜ਼ਦੂਰ ਜਮਾਤ ਦਾ ਹਰਾਵਲ ਦਸਤਾ (ਮੋਹਰੀ, ਅਗਵਾਈ ਕਰਨ ਵਾਲਾ) ਭੂਮਿਕਾ ਹੈ। ਸਾਡਾ ਉਦੇਸ਼ ਹੈ ਇਹ ਯਕੀਨੀ ਬਣਾਉਣਾ ਕਿ ਸੱਭ ਤੋਂ ਪਹਿਲਾਂ, ਮਜ਼ਦੂਰ ਜਮਾਤ ਕਿਸਾਨਾਂ ਦੇ ਨਾਲ ਗਠਜੋੜ ਬਣਾ ਕੇ, ਰਾਜਸੱਤਾ ਉਤੇ ਕਬਜ਼ਾ ਕਰੇ। ਜਦੋਂ ਮਜ਼ਦੂਰ ਜਮਾਤ ਸੱਤਾ ਵਿਚ ਆ ਜਾਂਦੀ ਹੈ ਤਾਂ ਪਾਰਟੀ ਇਹ ਯਕੀਨੀ ਬਣਾਏਗੀ ਕਿ ਇੱਕ ਜਮਾਤ ਵਲੋਂ ਦੂਸਰੀ ਜਮਾਤ ਦੀ ਲੁੱਟ ਅਤੇ ਹਰ ਕਿਸਮ ਦੇ ਜਮਾਤੀ ਭਿੰਨ ਭੇਦ ਖਤਮ ਹੋ ਜਾਣ ਤਕ, ਮਜ਼ਦੂਰ ਜਮਾਤ ਦਾ ਰਾਜ ਕਾਇਮ ਰਹੇ।

ਸਮੁੱਚੀ ਪਾਰਟੀ ਨੂੰ ਇੱਕ ਅਵਾਜ਼ ਵਿਚ ਬੋਲਣਾ ਪਵੇਗਾ ਅਤੇ ਇਕਮੁੱਠ ਹੋ ਕੇ ਕੰਮ ਕਰਨਾ ਪਵੇਗਾ, ਤਾਂ ਕਿ ਅਸੀਂ ਆਪਣੀ ਮੰਜ਼ਿਲ ਤੇ ਪਹੁੰਚ ਸਕੀਏ। ਮਜ਼ਦੂਰ ਜਮਾਤ ਸਰਮਾਏਦਾਰਾ ਲੁੱਟ ਦੇ ਖਿਲਾਫ ਇਕਮੁੱਠ ਮੋਰਚਾ ਬਣਾ ਕੇ ਸੰਘਰਸ਼ ਕਰਨਾ ਪਵੇਗਾ, ਵੱਖ ਵੱਖ ਦਿਸ਼ਾਵਾਂ ਵੱਲ ਖਿੱਚਣ ਵਾਲੇ ਅਨੇਕਾਂ ਮੋਰਚੇ ਬਣਾ ਕੇ ਨਹੀਂ। ਮਜ਼ਦੂਰ ਜਮਾਤ ਨੂੰ ਇਕ ਸ਼ਕਤੀਸ਼ਾਲੀ ਤਾਕਤ ਵਿਚ ਬਦਲਨਾ ਸਿਰਫ ਲੋਕਤੰਤਰਿਕ ਕੇਂਦਰੀਵਾਦ ਦੇ ਅਧਾਰ ਉਤੇ ਹੀ ਸੰਭਵ ਹੋ ਸਕਦਾ ਹੈ।

ਸਾਡੀ ਪਾਰਟੀ ਵਿਚ ਉਚਤਮ ਫੈਸਲੇ ਲੈਣ ਦੀ ਤਾਕਤ ਪਾਰਟੀ ਦੀ ਕਾਂਗਰਸ ਜਾਣੀ ਮਹਾਂਅਧਿਵੇਸ਼ਨ ਕੋਲ ਹੈ। ਮਹਾਂਅਧਿਵੇਸ਼ਨ ਸਮੁੱਚੀ ਮੈਂਬਰਸ਼ਿਪ ਦੀ ਪ੍ਰਤੀਨਿਧਤਾ ਕਰਨ ਵਾਲੇ ਨੁਮਾਂਇੰਦਿਆਂ ਦਾ ਅਧਿਵੇਸ਼ਨ (ਇਜਲਾਸ, ਸਮਾਗਮ) ਹੈ। ਮਹਾਂਅਧਿਵੇਸ਼ਨ ਪਾਰਟੀ ਦੀ ਲਾਈਨ ਤੈਅ ਕਰਦਾ ਹੈ ਅਤੇ ਕੇਂਦਰੀ ਕਮੇਟੀ ਚੁਣਦਾ ਹੈ, ਜੋ ਅਗਲੇ ਮਹਾਂਅਧਿਵੇਸ਼ਨ ਤਕ ਪਾਰਟੀ ਦੀ ਉਚਤਮ ਇਕਾਈ ਹੁੰਦੀ ਹੈ। ਕੇਂਦਰੀ ਕਮੇਟੀ ਨੂੰ ਮਹਾਂਅਧਿਵੇਸ਼ਨ ਵਿਚ ਲਏ ਗਏ ਕਿਸੇ ਵੀ ਫੈਸਲੇ ਨੂੰ ਬਦਲਨੇ ਦਾ ਕੋਈ ਅਧਿਕਾਰ ਨਹੀਂ। ਅਜੇਹਾ ਕਰਨ ਵਾਸਤੇ ਇੱਕ ਹੋਰ ਮਹਾਂਅਧਿਵੇਸ਼ਨ ਹੀ ਬੁਲਾਉਣਾ ਪੈਂਦਾ ਹੈ।

ਕੇਂਦਰੀਵਾਦ ਸੁਨਿਸ਼ਚਿਤ ਕਰਨ ਦਾ ਸਾਡਾ ਤਰੀਕਾ ਇਹ ਨਹੀਂ ਕਿ ਬਹੁਤੇਰੇ ਮੈਂਬਰਾਂ ਨੂੰ ਫੈਸਲੇ ਲੈਣ ਦੀ ਅਧਿਕਾਰ ਤੋਂ ਬਾਹਰ ਰੱਖਿਆ ਜਾਵੇ। ਅਸੀਂ ਸਭਨਾਂ ਮੈਂਬਰਾਂ ਵਿਚ ਲੋਕਤੰਤਰਿਕ (ਜਮਹੂਰੀਅਤ) ਦੇ ਅਧਾਰ ਉਤੇ ਕੇਂਦਰੀਵਾਦ ਸੁਨਿਸ਼ਚਿਤ ਕਰਦੇ ਹਾਂ। ਜਾਣੀ ਕਿ ਪਾਰਟੀ ਦੀ ਲਾਈਨ ਨੂੰ ਸਾਰੇ ਮੈਂਬਰ ਸਾਂਝੇ ਤੌਰ 'ਤੇ ਤੈਅ ਕਰਦੇ ਹਨ, ਸਮੂਹਿਕ ਫੈਸਲੇ ਲੈਣ ਵਾਸਤੇ ਪੂਰੀ ਸਰਗਰਮੀ ਨਾਲ ਹਿੱਸਾ ਲੈਂਦੇ ਹਨ ਅਤੇ ਖਾਸ ਜ਼ਿਮੇਵਾਰੀਆਂ ਨੂੰ ਵਿਅਕਤੀਗਤ ਤੌਰ ਉਤੇ ਸਵੀਕਾਰ ਕਰਦੇ ਹਾਂ ਅਤੇ ਹਮੇਸ਼ਾ ਹੀ ਲਏ ਗਏ ਫੈਸਲਿਆਂ ਨੂੰ ਲਾਗੂ ਕਰਨ ਵਾਸਤੇ ਸੰਘਰਸ਼ ਕਰਦੇ ਹਾਂ। ਇਹ ਲੋਕਤੰਤਰਿਕ ਕੇਂਦਰੀਵਾਦ ਹੈ।

ਲੋਕਤੰਤਰਿਕ ਕੇਂਦਰੀਵਾਦ ਕਮਿਊਨਿਸਟ ਪਾਰਟੀ ਨੂੰ ਸੰਗਠਿਤ ਕਰਨ ਅਤੇ ਮਜ਼ਦੂਰ ਜਮਾਤ ਦੇ ਰਾਜ ਨੂੰ ਸੰਗਠਿਤ ਕਰਨ ਦਾ ਮਾਰਗ-ਦਰਸ਼ਕ ਹੈ। ਇਹੀ ਅਸੂਲ ਸਮਾਜਵਾਦੀ ਸਮਾਜ ਵਿਚ ਜਨਤਾ ਅਤੇ ਸੱਤਾ ਵਾਸਤੇ ਚੁਣੇ ਹੋਏ ਸੰਗਠਨਾਂ ਵਿਚ ਆਪਸੀ ਸਬੰਧਾਂ ਦਾ ਮਾਰਗ-ਦਰਸ਼ਕ ਹੈ। ਲੋਕ ਸੰਪ੍ਰਭੂ ਹਨ, ਅਤੇ ਆਪਣੀ ਪ੍ਰਭੂਸੱਤਾ ਦਾ ਕੁੱਝ ਹਿੱਸਾ ਚੁਣੇ ਹੋਏ ਪ੍ਰਤੀਨਿਧਾਂ ਨੂੰ ਸੌਂਪਦੇ ਹਨ। ਲੋਕਤੰਤਰਿਕ ਕੇਂਦਰੀਵਾਦ ਉਤੇ ਅਧਾਰਤ ਅਜੇਹਾ ਰਾਜ ਅਤੇ ਰਾਜਨੀਤਕ ਪ੍ਰੀਕ੍ਰਿਆ ਮਜ਼ਦੂਰ ਜਮਾਤ ਵਾਸਤੇ ਸੱਭ ਤੋਂ ਵੱਧ ਰਾਸ ਆਉਂਦਾ ਹੈ। ਇਸਦੇ ਜ਼ਰੀਏ ਮਜ਼ਦੂਰ ਜਮਾਤ ਸਰਮਾਏਦਾਰਾਂ ਨੂੰ ਹਰਾਉਣ ਵਾਸਤੇ ਅਤੇ ਉਨ੍ਹਾਂ ਨੂੰ ਮੁੜ ਕੇ ਸੱਤਾ ਵਿਚ ਆਉਣ ਤੋਂ ਰੋਕਣ ਵਾਸਤੇ, ਮੇਹਨਤਕਸ਼ ਜਨਤਾ ਨੂੰ ਰਾਜਨੀਤਕ ਕਾਰਵਾਈਆਂ ਕਰਨ ਵਾਸਤੇ ਲਾਮਬੰਦ ਕਰ ਸਕਦੀ ਹੈ।

ਸਰਮਾਏਦਾਰਾ ਪਾਰਟੀਆਂ ਅਤੇ ਉਨ੍ਹਾਂ ਦਾ ਰਾਜ ਜਨਤਾ ਨੂੰ ਬਾਹਰ ਰੱਖਣ ਦੇ ਅਧਾਰ ਉਤੇ ਸਕੇਂਦਰਿਤ ਹੈ। ਇਸ ਪ੍ਰਕਾਰ ਦਾ ਕੇਂਦਰੀਵਾਦ, ਅਫਸਰਸ਼ਾਹੀ, ਫੌਜੀ ਅਤੇ ਫਾਸ਼ੀਵਾਦੀ ਕੇਂਦਰੀਵਾਦ ਹੈ। ਮਜ਼ਦੂਰ ਜਮਾਤ ਨੂੰ ਆਪਣੀ ਜਮਾਤ ਦੇ ਉਦੇਸ਼ ਹਾਸਿਲ ਕਰਨ ਵਾਸਤੇ, ਫੈਸਲੇ ਲੈਣ ਦੀ ਪ੍ਰੀਕ੍ਰਿਆ ਵਿਚ ਬਹੁਤੇਰੇ ਲੋਕਾਂ ਨੂੰ ਸ਼ਾਮਲ ਕਰਨਾ ਪਵੇਗਾ। ਸਿਰਫ ਲੋਕਤੰਤਰਿਕ ਕੇਂਦਰੀਵਾਦ ਦੇ ਅਧਾਰ ਉਤੇ ਹੀ ਅਜੇਹਾ ਕੀਤਾ ਜਾ ਸਕਦਾ ਹੈ।

ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਅਮਰੀਕੀ ਸਾਮਰਾਜਵਾਦ ਵਿਕੇਂਦਰੀਕਰਣ ਦੇ ਨਾਅਰੇ ਨੂੰ ਵਰਤ ਕੇ, ਉਨ੍ਹਾਂ ਦੇਸ਼ਾਂ ਨੂੰ ਕਮਜ਼ੋਰ ਕਰਨ ਅਤੇ ਤੋੜਨ ਦੀ ਕੋਸ਼ਿਸ਼ ਕਰ ਰਿਹਾ ਹੈ ਜਿਹੜੇ ਉਸਦੀ ਚੌਧਰ ਵਾਸਤੇ ਸੰਭਾਵਿਤ ਖਤਰਾ ਹਨ ਜਾਂ ਰੁਕਾਵਟ ਬਣ ਸਕਦੇ ਹਨ।

**ਚੰਦਰਭਾਨ: ਕੀ ਸਾਮਰਾਜਵਾਦ ਵਲੋਂ ਹਿੰਦੋਸਤਾਨ ਨੂੰ ਅਸਥਾਈ ਬਣਾਉਣ ਦਾ ਕੋਈ ਅਸਲੀ ਖਤਰਾ ਹੈ?**

**ਲਾਲ ਸਿੰਘ:** ਹਾਂ, ਇਹ ਇੱਕ ਗੰਭੀਰ ਖਤਰਾ ਹੈ। ਅੱਜ ਦੁਨੀਆਂ ਦੇ ਬਹੁਤੇ ਦੇਸ਼ਾਂ, ਖਾਸ ਕਰਕੇ ਏਸ਼ੀਆ ਦੇ ਦੇਸ਼ਾਂ, ਜਿਸ ਵਿਚ ਸਾਡਾ ਦੇਸ਼ ਵੀ ਇੱਕ ਹੈ, ਨੂੰ ਅਮਰੀਕੀ ਸਾਮਰਾਜਵਾਦ ਦੀਆਂ ਮਨਹੂਸ ਯੋਜਨਵਾਂ ਤੋਂ ਸਾਵਧਾਨ ਰਹਿਣ ਦੀ ਜ਼ਰੂਰਤ ਹੈ। ਬੀਤੇ ਕੁੱਝ ਸਾਲਾਂ ਵਿਚ ਅਸੀਂ "ਲੋਕਤੰਤਰ", "ਸੰਤਰੀ ਇਨਕਲਾਬ" ਆਦਿ ਦੇ ਨਾਵਾਂ ਨਾਲ, ਕਈ ਦੇਸ਼ਾਂ ਨੂੰ ਅਸਥਾਈ ਬਣਾਉਣ, ਉਨ੍ਹਾਂ ਵਿਚ ਝਗੜੇ ਉਕਸਾਉਣ ਅਤੇ ਉਨ੍ਹਾਂ ਵਿਚ "ਸੱਤਾ ਪ੍ਰੀਵਰਤਨ" ਕਰਾਉਣ ਦੀਆਂ ਗਿਣੀਆਂ ਮਿਥੀਆਂ ਯੋਜਨਾਵਾਂ ਲਾਗੂ ਹੁੰਦਿਆਂ ਦੇਖੀਆਂ ਹਨ।

1917 ਵਿਚ ਜਦੋਂ ਰੂਸ ਵਿਚ ਇਨਕਲਾਬ ਦੀ ਫਤੇਹ ਹੋਈ ਸੀ, ਉਦੋਂ ਤੋਂ ਲੈ ਕੇ ਯੂਰਪ ਅਤੇ ਉੱਤਰੀ ਅਮਰੀਕਾ ਦੀਆਂ ਪੂੰਜੀਵਾਦੀ ਤਾਕਤਾਂ ਨੇ ਸਾਮਰਾਜਵਾਦੀ ਢਾਂਚੇ ਨੂੰ ਬਚਾਉਣ ਵਾਸਤੇ ਅਤੇ ਸਮਾਜਵਾਦ ਦੀ ਲਹਿਰ ਨੂੰ ਖਤਮ ਕਰਨ ਵਾਸਤੇ ਮਿਲ ਕੇ ਕੰਮ ਕੀਤਾ ਹੈ। ਦੂਸਰੇ ਸੰਸਾਰ ਯੁੱਧ ਦੇ ਆਖਰੀ ਸਮੇਂ ਤੋਂ ਲੈ ਕੇ, ਸਾਮਰਾਜਵਾਦੀ ਢਾਂਚੇ ਨੂੰ ਕਿਸੇ ਵੀ ਸੰਭਾਵਿਤ ਖਤਰੇ ਤੋਂ ਬਚਾਉਣ ਵਾਸਤੇ ਅਮਰੀਕੀ ਸਾਮਰਾਜਵਾਦ ਨੇ ਆਗੂ ਰੋਲ ਅਦਾ ਕੀਤਾ ਹੈ।

1954 ਵਿਚ ਅਮਰੀਕਾ ਦੇ ਵੱਡੇ ਸਰਮਾਏਦਾਰਾ ਘਰਾਣਿਆਂ, ਰੌਕੀਫੈਲਰ ਅਤੇ ਫੋਰਡ ਅਤੇ ਯੂਰਪ ਦੇ ਵੱਡੇ ਸਰਮਾਏਦਾਰਾਂ ਦੇ ਕੁੱਝ ਗਿਣੇ-ਚੁਣੇ ਪ੍ਰਤੀਨਿਧਾਂ ਨੇ ਰਲ ਕੇ ਇੱਕ ਗਰੋਹ ਬਣਾਇਆ ਸੀ ਜਿਹੜਾ ਸਾਲ ਵਿਚ ਇੱਕ ਵਾਰੀ ਗੁਪਤ ਬੈਠਕ ਕਰਦਾ ਹੈ। ਇਸ ਨੂੰ ਬਿਲਡਰਬਰਗ ਗਰੁੱਪ ਕਹਿੰਦੇ ਹਨ। ਇਸ ਵਿਚ

ਉੱਤਰੀ ਅਮਰੀਕਾ ਦੇ 130 ਪ੍ਰਮੁੱਖ ਵਿੱਤੀ ਅਦਾਰੇ, ਰਾਜਸੀ, ਸੈਨਿਕ, ਅਕਾਦਮਿਕ ਅਤੇ ਯੂਰਪ ਅਤੇ ਉੱਤਰੀ ਅਮਰੀਕਾ ਦੇ ਮੀਡੀਆ ਨਾਲ ਸਬੰਧਤ ਸ਼ਖਸ਼ੀਅਤਾਂ ਸ਼ਾਮਲ ਹਨ। ਮੁੱਢਲੇ ਅੰਦਰੂਨੀ ਗਰੁੱਪ ਵਿਚ ਅਮਰੀਕਾ ਦੇ ਡੇਵਿਡ ਰੌਕੀਫੈਲਰ ਅਤੇ ਰੌਕੀਫੈਲਰ 'ਤੇ ਫੋਰਡ ਫਾਊਂਡੇਸ਼ਨ ਦੇ ਪ੍ਰਧਾਨ ਅਤੇ ਨੈਦਰਲੈਂਡ ਤੋਂ ਪ੍ਰਿੰਸ ਬਰਨਹਾਰਡ, ਜਿਹੜਾ 1934 ਤਕ ਨਾਜ਼ੀ ਪਾਰਟੀ ਦਾ ਮੈਂਬਰ ਰਿਹਾ ਸੀ, ਸ਼ਾਮਲ ਸਨ। 1954 ਵਿਚ ਇਸ ਗਰੁੱਪ ਦੀ ਪਹਿਲੀ ਬੈਠਕ ਨੂੰ ਅਮਰੀਕਾ ਦੀ ਗੁਪਤਚਰ ਏਜੰਸੀ, ਸੀ.ਆਈ.ਏ., ਵਲੋਂ ਵਿੱਤੀ ਮੱਦਦ ਮਿਲੀ ਸੀ। ਇਸ ਦਾ ਮਕਸਦ ਐਟਲਾਂਟਿਕ ਮਹਾਂਸਾਗਰ ਦੇ ਦੋਵੀਂ ਪਾਸੀਂ, ਅਮਰੀਕਾ ਦੀ ਅਗਵਾਈ ਥੱਲੇ ਮੁੱਖ ਸਾਮਰਾਜਵਾਦੀ ਤਾਕਤਾਂ ਅਤੇ ਨੇਟੋ ਤਾਕਤਾਂ ਦੀ ਚੌਧਰ ਨੂੰ ਮਜ਼ਬੂਤ ਕਰਨਾ ਸੀ।

ਬਿਲਡਰਬਰਗ ਗਰੁੱਪ ਦੀਆਂ ਗੁਪਤ ਮੀਟਿੰਗਾਂ ਅਜੇ ਵੀ ਹੁੰਦੀਆਂ ਹਨ, ਜਿਨ੍ਹਾਂ ਵਿਚ ਵਿਸ਼ਵ ਪੱਧਰ ਦੀਆਂ ਸਾਜ਼ਿਸ਼ਾਂ ਰਚੀਆਂ ਜਾਂਦੀਆਂ ਹਨ। ਨੇਟੋ ਦੇ ਮੈਂਬਰ ਦੇਸ਼ਾਂ ਦੀਆਂ ਚੁਣੀਆਂ ਹੋਈਆਂ ਸਰਕਾਰਾਂ ਦੇ ਪਿੱਛੇ ਇਹ ਗਰੁੱਪ ਇੱਕ ਤਾਕਤ ਦੇ ਤੌਰ 'ਤੇ ਕੰਮ ਕਰਦਾ ਹੈ। ਇਹ ਗਰੁੱਪ ਇਸ ਵਿਚਾਰ ਦੀ ਵਕਾਲਤ ਕਰਦਾ ਹੈ ਕਿ ਵਿਸ਼ਵ ਪੱਧਰ ਉਤੇ ਇੱਕ ਸਰਕਾਰ ਹੋਵੇ। ਇਹ ਅਮਰੀਕੀ ਸੁਪਰਪਾਵਰ ਦੀ ਅਗਵਾਈ ਵਿਚ, ਇੱਕ-ਧਰੁਵੀ ਦੁਨੀਆਂ ਸਥਾਪਤ ਕਰਨ ਦੀ ਅਮਰੀਕੀ ਸਾਮਰਾਜਵਾਦ ਦੀ ਰਣਨੀਤੀ ਦੀ ਹਮਾਇਤ ਵਿਚ ਪ੍ਰਭਾਵਸ਼ਾਲੀ ਵਿਚਾਰਕਾਂ, ਲੋਕ-ਰਾਇ ਬਣਾਉਣ ਵਾਲਿਆਂ ਨੂੰ ਚੁਣ ਕੇ ਉਨ੍ਹਾਂ ਨੂੰ ਬੜਾਵਾ ਦਿੰਦਾ ਹੈ।

ਵਿਸ਼ਵ ਬੈਂਕ ਦਾ ਭੂਤਪੂਰਵ ਪ੍ਰਧਾਨ ਵੁਲਫੈਂਸਨ ਗਰੁੱਪ ਦੀ ਸੰਚਾਲਕ ਕਮੇਟੀ ਦਾ ਮੈਂਬਰ ਸੀ। ਅੰਤਰਰਾਸ਼ਟਰੀ ਮੁਦਰਾਕੋਸ਼ (ਆਈ.ਐਮ.ਐਫ.) ਦੀ ਮੌਜੂਦਾ ਮੈਨੇਜਿੰਗ ਡਾਇਰੈਕਟਰ, ਕ੍ਰਿਸਟੀਨ ਲਾਗਾਰਡ ਨੇ ਇਸ ਪਦਵੀ ਉਤੇ ਨਿਯੁਕਤੀ ਤੋਂ ਪਹਿਲਾਂ 2011 ਵਿਚ ਬਿਲਡਰਬਰਗ ਗਰੁੱਪ ਦੀ ਸਾਲਾਨਾ ਮੀਟਿੰਗ ਵਿਚ ਹਿੱਸਾ ਲਿਆ ਸੀ।

ਬਿਲਡਰਬਰਗ ਗਰੁੱਪ ਕਈ ਇੱਕ ਫਾਊਂਡੇਸ਼ਨ ਸੰਸਥਾਨਾਂ ਦੇ ਜ਼ਰੀਏ, ਸਾਰੀ ਦੁਨੀਆਂ ਵਿਚ ਅਨੇਕਾਂ ਗੈਰ-ਸਰਕਾਰੀ ਸੰਗਠਨਾਂ, ਸਿਵਲ ਸੁਸਾਇਟੀ ਸੰਗਠਨਾਂ ਅਤੇ ਖੋਜੀ ਸੰਗਠਨਾਂ ਨੂੰ ਪੈਸੇ ਦਿੰਦਾ ਹੈ। ਇਹ ਪੂਰੀ ਦੁਨੀਆਂ ਵਿਚ ਇੱਕ ਮੱਕੜੀ ਦੇ ਜਾਲ ਵਾਂਗ ਫੈਲਿਆ ਹੋਇਆ ਹੈ। ਕਈ ਵਿਅਕਤੀ ਅਨਜਾਣ-ਪੁਣੇ ਵਿਚ ਇਸ ਵਿਚ ਫਸ ਜਾਂਦੇ ਹਨ। ਸਾਮਰਾਜਵਾਦੀ ਕਈ ਇੱਕ ਅੰਡਰਗਰਾਊਂਡ ਗਰੁੱਪ ਵੀ ਸਥਾਪਤ ਕਰਦੇ ਹਨ, ਜੋ ਅਤੰਕਵਾਦੀ ਹਮਲੇ, ਬਲਪੂਰਵਕ ਸੱਤਾ ਪ੍ਰੀਵਰਤਨ, ਨਸਲਵਾਦੀ ਹਿੰਸਾ ਅਤੇ ਗ੍ਰਹਿ-ਯੁੱਧ ਆਦਿ ਜਥੇਬੰਦ ਕਰਦੇ ਹਨ। ਇਸ ਵਿਸ਼ਵਵਿਆਪੀ ਜਾਲ ਰਾਹੀਂ ਸਾਮਰਾਜਵਾਦੀ ਵੱਖ ਵੱਖ ਦੇਸ਼ਾਂ ਵਿਚ ਆਪਣਾ ਪ੍ਰੋਗਰਾਮ ਅੱਗੇ ਵਧਾ ਰਹੇ ਹਨ।

ਮੌਜੂਦਾ ਰਾਜਨੀਤਕ ਢਾਂਚੇ ਨੂੰ ਅਸਥਾਈ ਬਣਾਉਣਾ, ਅਰਾਜਕਤਾ ਫੈਲਾਉਣਾ ਅਤੇ ਇਨ੍ਹਾਂ ਢੰਗਾਂ ਨਾਲ ਬਰਤਾਨਵੀ-ਅਮਰੀਕੀ ਸਾਮਰਾਜਵਾਦ ਦੇ ਪੱਖ ਵਿਚ "ਸੱਤਾ ਪ੍ਰੀਵਰਤਨ" ਵਾਸਤੇ ਹਾਲਾਤ ਤਿਆਰ ਕਰਨਾ, ਇਸ ਸਮੇਂ ਇਹ ਵਿਸ਼ਵ ਸਾਮਰਾਜਵਾਦ ਦੇ ਹਮਲਿਆਂ ਦਾ ਹਿੱਸਾ ਹੈ।

ਕਈਆਂ ਮੁਲਕਾਂ ਵਿਚ ਸਾਮਰਾਜਵਾਦ ਦੀਆਂ ਕਠਪੁਤਲੀ ਸੱਤਾਵਾਂ ਸਥਾਪਤ ਕੀਤੀਆਂ ਗਈਆਂ ਹਨ। ਕਈਆਂ ਥਾਵਾਂ 'ਤੇ ਇਹ ਖੁਲ੍ਹੇਆਮ ਬਾਹਰੀ ਹਮਲੇ ਰਾਹੀਂ ਕੀਤਾ ਗਿਆ ਹੈ, ਜਿਵੇਂ ਅਫਗਾਨਿਸਤਾਨ ਅਤੇ ਇਰਾਕ ਵਿਚ, ਅਤੇ ਕਈਆਂ ਥਾਵਾਂ ਤੇ ਗ੍ਰਹਿ-ਯੁੱਧ ਭੜਕਾ ਕੇ, ਗੁਪਤ ਕਾਰਵਾਈਆਂ ਰਾਹੀਂ, ਜਿਵੇਂ ਲਿਬੀਆ ਵਿਚ ਕੀਤਾ ਗਿਆ ਹੈ ਅਤੇ ਸੀਰੀਆ ਵਿਚ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਮਰੀਕੀ ਸਾਮਰਾਜਵਾਦ ਯੂਕਰੇਨ, ਵੈਨਜ਼ੂਏਲਾ ਅਤੇ ਕਈ ਹੋਰ ਦੇਸ਼ਾਂ ਵਿਚ ਗੜਬੜ ਫੈਲਾ ਰਿਹਾ ਹੈ ਅਤੇ ਅਰਾਜਕਤਾ ਫੈਲਾ ਰਿਹਾ ਹੈ। ਉਹ ਕਈਆਂ ਮੁਲਕਾਂ ਵਿਚ ਜਨਤਕ ਅੰਦੋਲਨਾਂ ਵਿਚ ਵੀ ਦਖਲ-ਅੰਦਾਜ਼ੀ ਕਰ ਰਿਹਾ ਹੈ ਅਤੇ ਸਾਡੇ ਦੇਸ਼ ਵਿਚ ਵੀ ਅਜੇਹਾ ਕਰ ਰਿਹਾ ਹੈ। ਉਹ ਕਈ ਕਿਸਮ ਦੇ ਸਾਧਨ ਵਿਕਸਤ ਕਰ ਰਿਹਾ ਹੈ ਤਾਂ ਕਿ ਜੇਕਰ ਹਿੰਦੋਸਤਾਨੀ ਸ਼ਾਸਕ ਜਮਾਤ ਅਮਰੀਕੀ ਹਿੱਤਾਂ ਦੇ ਖਿਲਾਫ ਕੋਈ ਕਦਮ ਉਠਾਉਂਦੀ ਹੈ ਤਾਂ ਇਨ੍ਹਾਂ ਸਾਧਨਾਂ ਰਾਹੀਂ ਉਸ ਉਤੇ ਦਬਾਅ ਪਾ ਸਕਦਾ ਹੈ ਅਤੇ ਬਲੈਕਮੇਲ ਕਰ ਸਕਦਾ ਹੈ।

ਹਿੰਦੋਸਤਾਨ ਦੇ ਵੱਡੇ ਸਰਮਾਏਦਾਰਾਂ ਦਾ ਭੀ ਆਪਣੇ ਵਿਚਾਰਕ ਗਰੁੱਪਾਂ, ਖੋਜ ਸੰਸਥਾਨਾਂ, ਗੈਰ-ਸਰਕਾਰੀ ਸੰਗਠਨਾਂ ਆਦਿ ਦਾ ਜਾਲ ਹੈ। ਬਰਤਾਨਵੀ-ਅਮਰੀਕੀ ਸਰਮਾਏਦਾਰਾਂ ਅਤੇ ਹਿੰਦੋਸਤਾਨੀ ਅਜਾਰੇਦਾਰ ਸਰਮਾਏਦਾਰਾਂ ਦੇ ਕਈ ਸਾਂਝੇ ਹਿੱਤਾਂ ਦੇ ਮੁੱਦੇ ਹਨ, ਪਰ ਆਪਸੀ ਝਗੜੇ ਦੇ ਵੀ ਕੁੱਝ ਮੁੱਦੇ ਹਨ।

ਬਰਤਾਨਵੀ-ਅਮਰੀਕੀ ਸਾਮਰਾਜਵਾਦੀ ਰਣਨੀਤੀ ਵਿਚ ਹਿੰਦੋਸਤਾਨ ਦਾ ਇੱਕ ਅਹਿਮ ਸਥਾਨ ਹੈ। ਇਸ ਤੋਂ ਇਲਾਵਾ, ਹਿੰਦੋਸਤਾਨ ਵਿਚ ਅੰਗਰੇਜ਼ੀ ਪੜੇ ਹੋਏ ਬੁੱਧੀਜੀਵੀਆਂ ਦਾ ਵੀ ਇੱਕ ਬਹੁਤ ਵੱਡਾ ਜ਼ਖੀਰਾ ਹੈ।

ਸਾਡਾ ਦੇਸ਼ ਬੜੀ ਅਸਾਨੀ ਨਾਲ ਸਾਮਰਾਜਵਾਦੀ ਦਖਲ-ਅੰਦਾਜ਼ੀ ਦਾ ਸ਼ਿਕਾਰ ਬਣ ਸਕਦਾ ਹੈ। ਸਰਮਾਏਦਾਰ ਹਾਕਮ ਜਮਾਤ ਨੂੰ ਆਪਣੇ ਨਿੱਜੀ ਮੁਨਾਫਿਆਂ ਦੀ ਚਿੰਤਾ ਜ਼ਿਆਦਾ ਹੈ ਅਤੇ ਰਾਸ਼ਟਰੀ ਪ੍ਰਭੂਸੱਤਾ ਜਾਂ ਆਤਮ-ਨਿਰਭਰਤਾ ਦੀ ਘੱਟ। ਇਸ ਤੋਂ ਬਿਨਾਂ, ਹਿੰਦੋਸਤਾਨੀ ਬੁੱਧੀਜੀਵੀਆਂ ਦੇ ਉਤਲੇ ਤਬਕੇ ਵਿਚ ਅੰਗਰੇਜ਼ੀ ਸੋਚ-ਸੱਭਿਆਚਾਰ ਭਰ ਚੁੱਕਾ ਹੈ (ਇੱਕ ਤਰ੍ਹਾਂ ਨਾਲ ਅੰਗਰੇਜ਼ ਹੀ ਬਣ ਚੁੱਕੇ ਹਨ)। ਉਹ ਪੱਛਮੀ ਦੇਸ਼ਾਂ ਦੇ ਸਰਮਾਏਦਾਰਾਂ ਵਾਂਗ ਹੀ ਸੋਚਦੇ ਹਨ ਅਤੇ ਹਰ ਪੱਛਮੀ ਚੀਜ਼ ਦੀ ਪੂਜਾ ਕਰਦੇ ਹਨ।

**ਚੰਦਰਭਾਨ: ਹਿੰਦੋਸਤਾਨੀ ਬੁੱਧੀਜੀਵੀ ਪੱਛਮੀ ਸਰਮਾਏਦਾਰਾਂ ਵਾਂਗ ਕਿਉਂ ਸੋਚਦੇ ਹਨ?**

***ਲਾਲ ਸਿੰਘ:*** ਇਸ ਦੀ ਜੜ੍ਹ ਸ਼ਿਖਸ਼ਾ ਦੀ ਬਰਤਾਨਵੀ ਬਸਤੀਵਾਦੀ ਨੀਤੀ ਹੈ। ਲਾਰਡ ਮੈਕਾਲੇ ਨੇ ਆਪਣੇ ਪ੍ਰਸਿਧ ਲੇਖ, ਮਿਨਿਟ ਔਨ ਇੰਡੀਅਨ ਐਜੂਕੇਸ਼ਨ, ਫਰਵਰੀ, 1835 ਰਾਹੀਂ ਅੰਗਰੇਜ਼ੀ ਮਾਧਿਅਮ ਦੀ ਸ਼ਿਖ਼ਸ਼ਾ ਦੀ ਸ਼ੁਰੂਆਤ ਕੀਤੀ ਸੀ। ਉਸਨੇ ਅਜੇਹੀ ਸ਼ਿਖ਼ਸ਼ਾ ਪ੍ਰਣਾਲੀ ਸਥਾਪਤ ਕਰਨ ਦੀ ਵਕਾਲਤ ਕੀਤੀ, ਜਿਸ ਨਾਲ ਅੰਗਰੇਜ਼ੀ ਸੁਭਾਅ ਅਤੇ ਤੌਰ-ਤਰੀਕਿਆਂ ਵਾਲੇ ਹਿੰਦੋਸਤਾਨੀਆਂ ਦਾ ਇੱਕ ਤਬਕਾ ਤਿਆਰ ਕੀਤਾ ਜਾਵੇ ਜਿਹੜਾ ਪੱਛਮ ਦੀ ਹਰ ਚੀਜ਼ ਦੀ ਪੂਜਾ ਕਰੇ ਅਤੇ ਸੱਭ ਹਿੰਦੋਸਤਾਨੀ ਵਿਚਾਰਾਂ ਨੂੰ ਪਛੜਿਆ ਹੋਇਆ ਕਹਿ ਕੇ ਰੱਦ ਕਰ ਦੇਵੇ। ਸੰਸਕ੍ਰਿਤ ਅਤੇ ਫਾਰਸੀ ਨੂੰ ਹਟਾ ਕੇ, ਛੇਵੀਂ ਜਮਾਤ ਤੋਂ ਲੈ ਕੇ ਪੜ੍ਹਾਈ ਦਾ ਮਾਧਿਅਮ ਅੰਗਰੇਜ਼ੀ ਨੂੰ ਬਣਾ ਦਿੱਤਾ ਗਿਆ।

ਹਿੰਦੋਸਤਾਨੀ ਬੁੱਧੀਜੀਵੀਆਂ ਦੀ ਅਗਵਾਈ ਕਰਨ ਵਾਲਾ ਇੱਕ ਐਸਾ ਤਬਕਾ ਉਭਰ ਕੇ ਅੱਗੇ ਆਇਆ ਜਿਹੜਾ ਸ਼ਕਲ-ਸੂਰਤ ਤੋਂ ਹਿੰਦੋਸਤਾਨੀ ਦਿਸਦਾ ਸੀ ਪਰ ਸੋਚ-ਵਿਚਾਰ ਵਿਚ ਬਰਤਾਨਵੀ ਅਤੇ ਸਰਮਾਏਦਾਰ ਸੀ। ਇਹ ਤਬਕਾ ਸੱਭ ਹਿੰਦੋਸਤਾਨੀਆਂ ਨੂੰ ਅਤੇ ਆਪਣੀ ਪ੍ਰਾਚੀਨ ਸੱਭਿਅਤਾ ਨੂੰ ਘਟੀਆ ਅਤੇ ਪਛੜਿਆ ਹੋਇਆ ਸਮਝਦਾ ਸੀ।

ਹਿੰਦੋਸਤਾਨੀ ਗਣਰਾਜ ਦੇ ਅਖੌਤੀ ਸੰਸਥਾਪਕ ਮੋਢੀ, ਜਿਨ੍ਹਾਂ ਨੇ ਸੰਵਿਧਾਨਕ ਸਭਾ ਵਿਚ ਬੈਠ ਕੇ ਅਜ਼ਾਦ ਹਿੰਦੋਸਤਾਨ ਦਾ ਸੰਵਿਧਾਨ ਘੜਿਆ, ਮੁੱਖ ਤੌਰ ਉਤੇ ਉਹ ਏਸੇ ਹੀ ਸੋਚ ਵਾਲੇ ਸਨ। ਸੰਵਿਧਾਨ ਅੰਗਰੇਜ਼ੀ ਭਾਸ਼ਾ ਵਿਚ ਲਿਖਿਆ ਗਿਆ ਅਤੇ ਸੰਵਿਧਾਨ ਸਭਾ ਵਿਚ ਪੂਰੀ ਚਰਚਾ ਅੰਗਰੇਜ਼ੀ ਵਿਚ ਹੋਈ। ਹਿੰਦੋਸਤਾਨੀ ਭਾਸ਼ਾਵਾਂ ਵਿਚ ਇਸ ਦਾ ਅਨੁਵਾਦ 1950 ਤੋਂ ਬਾਅਦ ਹੀ ਉਪਲਬਦ ਹੋਇਆ, ਜਦ ਤਕ ਸੰਵਿਧਾਨ ਅਪਣਾਇਆ ਜਾ ਚੁੱਕਾ ਸੀ।

ਬਰਤਾਨਵੀ ਸੋਚ ਵਾਲੇ ਹਿੰਦੋਸਤਾਨੀ ਬੁੱਧੀਜੀਵੀਆਂ ਨੇ ਸਾਡੇ ਦੇਸ਼ ਦਾ ਸੰਵਿਧਾਨ ਬਣਾਉਣ ਵਾਸਤੇ ਮੁੱਖ ਤੌਰ ਉਤੇ ਬਰਤਾਨਵੀ ਸੰਸਦੀ ਲੋਕਤੰਤਰ ਦੇ ਨਮੂਨੇ ਤੋਂ ਸੇਧ ਲਈ। ਉਨ੍ਹਾਂ ਨੇ ਹੋਰ ਪਛਮੀ ਸਰਮਾਏਦਾਰਾ ਸੰਵਿਧਾਨਾਂ ਵਿਚੋਂ ਵੀ ਕੁੱਝ ਅੰਸ਼ ਲਏ। ਪਰ ਉਨ੍ਹਾਂ ਨੇ ਹਿੰਦੋਸਤਾਨੀ ਰਾਜਨੀਤਕ ਸੋਚ ਦੀ ਵਿਰਾਸਤ ਵਿਚੋਂ ਕੁੱਝ ਵੀ ਨਹੀਂ ਲਿਆ। ਉਨ੍ਹਾਂ ਨੇ ਸੋਵੀਅਤ ਸੰਘ ਦੇ ਤਜਰਬੇ ਨੂੰ ਵੀ ਠੁਕਰਾ ਦਿੱਤਾ।

ਅੱਜ ਤੱਕ ਵੀ ਸੱਭ ਉੱਚ ਅਦਾਲਤਾਂ ਵਿਚ ਅੰਗਰੇਜ਼ੀ ਭਾਸ਼ਾ ਦਾ ਹੀ ਪ੍ਰਯੋਗ ਕੀਤਾ ਜਾਂਦਾ ਹੈ। ਕੇਂਦਰ ਸਰਕਾਰ ਦਾ ਸਾਲਾਨਾ ਬੱਜਟ ਵੀ ਹਮੇਸ਼ਾ ਅੰਗਰੇਜ਼ੀ ਵਿਚ ਪੇਸ਼ ਕੀਤਾ ਜਾਂਦਾ ਹੈ। ਹਿੰਦੋਸਤਾਨ ਦੀਆਂ ਅੰਗਰੇਜ਼ੀ-ਮਾਧਿਅਮ ਦੀਆਂ ਯੂਨੀਵਰਸਿਟੀਆਂ ਵਿਚ ਅਤੇ ਆਕਸਫੋਰਡ, ਕੈਂਬਰਿਜ, ਲੰਡਨ ਸਕੂਲ ਆਫ ਇਕਨਾਮਿਕਸ, ਹਾਰਵਰਡ, ਬਰਕਲੇ ਆਦਿ ਵਰਗੇ ਬਰਤਾਨਵੀ ਅਤੇ ਅਮਰੀਕਨ ਵਿਸ਼ਵਵਿਦਿਆਲਿਆਂ ਵਿਚ ਬਰਤਾਨਵੀ ਸੋਚ ਵਾਲੇ ਹਿੰਦੋਸਤਾਨੀ ਬੁੱਧੀਜੀਵੀਆਂ ਦੇ

ਪੂਰਾਂ ਦੇ ਪੂਰੇ ਤਿਆਰ ਕੀਤੇ ਜਾਂਦੇ ਹਨ। ਇਹ ਬੁੱਧੀਜੀਵੀ ਅੰਗਰੇਜ਼ੀ ਵਿਚ, ਅਤੇ ਯੂਰਪੀਨ ਪ੍ਰੀਭਾਸ਼ਾਵਾਂ ਅਨੁਸਾਰ ਸੋਚਦੇ ਹਨ। ਉਹ ਹਿੰਦੋਸਤਾਨੀ ਦਿਮਾਗਾਂ ਨੂੰ ਯੂਰੋ-ਕੇਂਦਰੀਵਾਦ ਦੇ ਗ਼ੁਲਾਮ ਬਣਾਈ ਰੱਖਣ ਵਾਸਤੇ ਇੱਕ ਪ੍ਰਭਾਵਸ਼ਾਲੀ ਸਾਧਨ ਹਨ।

ਯੂਰੋ-ਕੇਂਦਰੀਵਾਦ ਇਸ ਪੂਰਵ ਧਾਰਨਾ ਉਤੇ ਅਧਾਰਤ ਹੈ ਕਿ ਆਧੁਨਿਕ ਸਮਾਜ ਵਿਚ ਕੋਈ ਮਾਅਨੇ ਰੱਖਣ ਵਾਲਾ ਸਾਰਾ ਗਿਆਨ ਪੱਛਮ ਵਿਚ ਹੀ ਹੈ, ਜਿਸਦੀ ਸ਼ੁਰੂਆਤ ਯੂਨਾਨੀ (ਗਰੀਕ) ਫਲਸਫੇ ਤੋਂ ਹੁੰਦੀ ਹੈ। ਹਿੰਦੋਸਤਾਨ, ਫਾਰਸ, ਚੀਨ, ਏਸ਼ੀਆ ਦੇ ਹੋਰ ਲੋਕਾਂ ਅਤੇ ਦੁਨੀਆਂ ਦੇ ਹੋਰ ਦੇਸ਼ਾਂ ਦੇ ਲੋਕਾਂ ਦੀ ਸੱਭਿਅਤਾ ਦੇ ਤਜਰਬੇ ਅਤੇ ਸੋਚ-ਵਿਚਾਰ ਨੂੰ ਪੂਰੀ ਤਰ੍ਹਾਂ ਨਜ਼ਰ-ਅੰਦਾਜ਼ ਕੀਤਾ ਜਾਂਦਾ ਹੈ।

ਬਰਤਾਨਵੀ-ਅਮਰੀਕੀ ਸਾਮਰਾਜਵਾਦੀਆਂ ਵਲੋਂ ਫੈਲਾਏ ਗਏ ਸੱਭ ਭਰਮਾਂ ਅਤੇ ਗੁਮਰਾਹਕੁੰਨ ਹਰਕਤਾਂ ਵੱਲ ਇਹ ਪੱਛਮੀ ਸੋਚ ਵਾਲੇ ਹਿੰਦੋਸਤਾਨੀ ਬੁੱਧੀਜੀਵੀ ਅੱਖ ਦੇ ਫੋਰ ਵਿਚ ਮੋਹਤ ਹੋ ਜਾਂਦੇ ਹਨ। ਯੂਰੋ-ਕੇਂਦਰੀਵਾਦ ਨੂੰ ਸਵੀਕਾਰ ਕਰਨ ਲਈ ਉਨ੍ਹਾਂ ਨੂੰ ਕੋਈ ਕੋਸ਼ਿਸ਼ ਕਰਨ ਦੀ ਲੋੜ ਨਹੀਂ ਪੈਂਦੀ ਅਤੇ ਉਹ ਝੱਟਪਟ ਹੀ ਇਹ ਮੰਨ ਲੈਂਦੇ ਹਨ ਕਿ ਸਮੱਸਿਆ ਪੂੰਜੀਵਾਦ ਨਹੀਂ ਬਲਕਿ ਭ੍ਰਿਸ਼ਟ ਨੇਤਾ ਅਤੇ "ਕ੍ਰੋਨੀ ਕੈਪੀਟਲਿਜ਼ਮ" ਹੈ।

ਹਿੰਦੋਸਤਾਨ ਦੀ ਮਜ਼ਦੂਰ ਜਮਾਤ ਅਤੇ ਕਮਿਉਨਿਸਟ ਲਹਿਰ ਨੂੰ ਯੂਰੋ-ਕੇਂਦਰੀ ਸੋਚ ਨੇ ਬਹੁਤ ਨੁਕਸਾਨ ਪਹੁੰਚਾਇਆ ਹੈ। ਕਈ ਪਾਰਟੀਆਂ ਸਮਾਜਵਾਦ ਅਤੇ ਕਮਿਉਨਿਜ਼ਮ ਦੀਆਂ ਸੌਂਹਾਂ ਖਾਂਦੀਆਂ ਹਨ, ਪਰ ਇੰਗਲੈਂਡ ਤੋਂ ਦਰਾਮਦ ਕੀਤੇ ਪਾਰਲੀਮਾਨੀ ਜਮਹੂਰੀਅਤ ਦੇ ਮੌਜੂਦਾ ਢਾਂਚੇ ਦੀ ਰਖਵਾਲੀ ਕਰਦੀਆਂ ਹਨ।

ਜਰਮਨ ਸਮਾਜ ਦੀ ਮੁਕਤੀ ਦੀ ਲਹਿਰ ਦਾ ਜ਼ਿਕਰ ਕਰਦਿਆਂ, ਕਾਰਲ ਮਾਰਕਸ ਨੇ ਕਿਹਾ ਸੀ ਕਿ "ਇਸ ਮੁਕਤੀ ਲਹਿਰ ਦਾ ਦਿਮਾਗ ਫਲਸਫਾ ਹੈ ਅਤੇ ਮਜ਼ਦੂਰ ਜਮਾਤ ਇਸ ਦਾ ਦਿਲ ਹੈ"। ਜੇਕਰ ਸਾਡੇ ਇਨਕਲਾਬ ਦਾ ਦਿਲ, ਸਾਡੀ ਮਜ਼ਦੂਰ ਜਮਾਤ, ਹਿੰਦੋਸਤਾਨੀ ਹੈ ਤਾਂ ਇਸ ਦੀ ਅਗਵਾਈ ਕੋਈ ਯੂਰਪੀ ਦਿਮਾਗ ਕਿਵੇਂ ਕਰ ਸਕਦਾ ਹੈ?

ਸਾਨੂੰ ਅੱਜ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਵਾਸਤੇ ਆਧੁਨਿਕ ਹਿੰਦੋਸਤਾਨੀ ਦ੍ਰਿਸ਼ਟੀਕੋਨ ਅਤੇ ਸਿਆਸੀ ਸਿਧਾਂਤ ਵਿਕਸਤ ਕਰਨਾ ਪਏਗਾ ਅਤੇ ਉਸਦੀ ਵਿਆਖਿਆ ਕਰਨੀ ਪਵੇਗੀ। ਜੇਕਰ ਨਹੀਂ, ਤਾਂ ਅਸੀਂ ਹਮੇਸ਼ਾ ਹੀ ਸਾਮਰਾਜਵਾਦ ਅਤੇ ਗ਼ਦਾਰ ਸਰਮਾਏਦਾਰਾਂ ਦਾ ਸ਼ਿਕਾਰ ਬਣੇ ਰਹਾਂਗੇ। ਸਾਡੀ ਪਾਰਟੀ ਇਸ ਕੰਮ ਉਤੇ ਬਹੁਤ ਗੰਭੀਰਤਾ ਨਾਲ ਧਿਆਨ ਦਿੰਦੀ ਹੈ। ਅਸੀਂ ਸੱਭ ਹਿੰਦੋਸਤਾਨੀ ਕਮਿਉਨਿਸਟਾਂ ਅਤੇ ਪ੍ਰਗਤੀਸ਼ੀਲ ਦਿਮਾਗਾਂ ਨੂੰ ਇਸ ਕੋਸ਼ਿਸ਼ ਵਿਚ ਯੋਗਦਾਨ ਪਾਉਣ ਲਈ ਕਹਿੰਦੇ ਹਾਂ।

**ਚੰਦਰਭਾਨ: ਕੀ ਤੁਸੀਂ ਸਮਝਾ ਸਕਦੇ ਹੋ ਕਿ ਆਧੁਨਿਕ ਹਿੰਦੋਸਤਾਨੀ ਰਾਜਨੀਤਕ ਸਿਧਾਂਤ ਦਾ ਕੀ ਮਤਲਬ ਹੈ?**

**ਲਾਲ ਸਿੰਘ:** ਇਹ ਵਿਸ਼ਾ ਸੰਖੇਪ ਵਿਚ ਨਹੀਂ ਸਮਝਾਇਆ ਜਾ ਸਕਦਾ, ਪਰ ਮੈਂ ਕੋਸ਼ਿਸ਼ ਕਰਦਾ ਹਾਂ।

ਸਾਡੀ ਸੱਭਿਅਤਾ ਵਿਚ ਰਾਜਨੀਤਕ ਅਤੇ ਆਰਥਿਕ ਸੋਚ ਅਤੇ ਵਿਰਸੇ ਦੀ ਅਮਨੋਲ ਵਿਰਾਸਤ ਹੈ। ਸਾਨੂੰ ਉਸ ਵਿਚੋਂ ਉਹ ਸੋਚ ਅੱਗੇ ਲਿਆਉਣੀ ਪਵੇਗੀ ਜਿਹੜੀ ਵਰਤਮਾਨ ਮੁਕਤੀ ਦੇ ਸੰਘਰਸ਼ ਵਾਸਤੇ ਲਾਭਦਾਇਕ ਹੈ, ਅਤੇ ਉਸ ਨੂੰ ਠੁਕਰਾਉਣਾ ਪਵੇਗਾ ਜੋ ਕੁੱਝ ਵੀ ਪੁਰਾਣਾ ਹੋ ਚੁੱਕਾ ਹੈ।

1857 ਦੇ ਬਾਗ਼ੀਆਂ ਨੇ ਐਲਾਨ ਕੀਤਾ ਸੀ ਕਿ "ਹਮ ਹੈਂ ਇਸ ਕੇ ਮਾਲਕ, ਹਿੰਦੋਸਤਾਨ ਹਮਾਰਾ", ਇਸ ਵਿਚ ਹਿੰਦੋਸਤਾਨੀ ਰਾਜਨੀਤਕ ਸੋਚ ਵਿਚੋਂ ਸੱਭ ਤੋਂ ਵਧੀਆ ਸੰਕਲਪ ਨੂੰ ਅੱਗੇ ਲਿਆਂਦਾ ਗਿਆ ਹੈ। ਇਸ ਸੰਕਲਪਨਾ ਦੇ ਅਨੁਸਾਰ ਹਿੰਦੋਸਤਾਨ ਦੀ ਜਨਤਾ ਸੰਪ੍ਰਭੂ ਹੈ।

ਪਰਜਾ ਸ਼ਬਦ ਦਾ ਮਤਲਬ ਹੈ: ਉਹ ਜੋ ਰਾਜੇ ਨੂੰ ਜਨਮ ਦਿੰਦੀ ਹੈ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਸਾਡੇ ਇਤਿਹਾਸ ਵਿਚ ਇੱਕ ਅਜੇਹਾ ਦੌਰ ਸੀ ਜਿਸ ਵਿਚ ਜਨਤਾ ਨੂੰ ਆਪਣੇ ਵਿਚੋਂ ਆਪਣਾ ਸਰਬਉਚ ਨੇਤਾ ਛਾਂਟ ਕੇ ਅੱਗੇ ਲਿਆਉਣ ਦਾ ਅਧਿਕਾਰ ਸੀ। ਜਨਤਾ ਅਜੇਹੀ ਸੱਤਾ ਨੂੰ ਜਨਮ ਦੇਂਦੀ ਸੀ ਜਿਹੜੀ ਸਭਨਾਂ ਦੇ ਸੁੱਖ ਅਤੇ ਸੁਰੱਖਿਆ ਨੂੰ ਯਕੀਨੀ ਬਣਾ ਸਕੇ। ਜੋ ਰਾਜਾ ਸਭਨਾਂ ਨੂੰ ਸੁੱਖ ਅਤੇ ਸੁਰੱਖਿਆ ਨਹੀਂ ਦੁਆ ਸਕਦਾ ਸੀ, ਉਹ ਸ਼ਾਸਨ ਕਰਨ ਦਾ ਅਧਿਕਾਰ ਖੋ ਬੈਠਦਾ ਸੀ। ਪਰਜਾ ਨੂੰ ਉਸ ਦਾ ਸਿਰ ਕੱਟ ਦੇਣ ਦਾ ਅਧਿਕਾਰ ਸੀ।

ਜਦੋਂ ਅਜੇਹੀਆਂ ਸੱਤਾਵਾਂ ਉਭਰ ਕੇ ਸਾਹਮਣੇ ਆਈਆਂ ਜਿਨ੍ਹਾਂ ਦਾ ਆਰਥਿਕ ਅਧਾਰ ਜਾਤੀਵਾਦੀ ਪੇਂਡੂ ਢਾਂਚਾ ਸੀ, ਜਿਨ੍ਹਾਂ ਵਿਚ "ਸ਼ਾਸਨ ਕਰਨ ਦਾ ਜਨਮ-ਸਿੱਧ ਅਧਿਕਾਰ ਵਾਲੇ" ਅਲਪ-ਸੰਖਿਅਕਾਂ ਵਲੋਂ ਸਮਾਜ ਦੀ ਦੌਲਤ ਦੀ ਵੱਧ ਤੋਂ ਵੱਧ ਲੁੱਟ ਕੀਤੀ ਜਾਂਦੀ ਸੀ, ਉਦੋਂ ਲੋਕਾਂ ਦੇ ਆਪਣੇ ਨੇਤਾ ਨੂੰ ਛਾਂਟ ਕੇ ਅੱਗੇ ਲਿਆਉਣ ਦੇ ਅਧਿਕਾਰ ਦੀ ਉਲੰਘਣਾ ਹੋਈ। ਰਾਜਾ ਬਣਨ ਦਾ ਅਧਿਕਾਰ ਅਤੇ ਰਾਜਾ ਕੌਣ ਬਣੇਗਾ, ਇਸ ਦੀ ਛਾਂਟੀ ਕਰਨਾ ਅਬਾਦੀ ਦੇ ਬਹੁਤ ਛੋਟੇ ਜਿਹੇ ਹਿੱਸੇ ਕੋਲ ਚਲਾ ਗਿਆ -- ਜਾਣੀ ਕਿ ਇੱਕ ਸ਼ਾਹੀ ਤਬਕੇ ਅਤੇ ਕੁੱਝ ਇੱਕ ਗਿਣੇ ਮਿਥੇ ਸਲਾਹਕਾਰਾਂ ਕੋਲ।

ਆਪਣੇ ਨੇਤਾਵਾਂ ਨੂੰ ਛਾਂਟ ਕੇ ਉਨ੍ਹਾਂ ਨੂੰ ਚੁਣਨ ਦਾ ਅਧਿਕਾਰ ਅਤੇ ਉਨ੍ਹਾਂ ਨੂੰ ਕਿਸੇ ਵੀ ਸਮੇਂ ਸੱਤਾ ਤੋਂ ਲਾਹ ਦੇਣ ਦਾ ਅਧਿਕਾਰ ਇੱਕ ਲਾਭਦਾਇਕ ਅਤੇ ਕੀਮਤੀ ਵਿਚਾਰ ਹੈ। ਇਹ ਅਸੂਲ ਕਿ ਸੱਭ ਨੂੰ ਸੁੱਖ ਅਤੇ ਸੁਰੱਖਿਆ ਦੁਆਉਣਾ ਰਾਜ ਦਾ ਫਰਜ਼ ਹੈ, ਇਹ ਵੀ ਬਹੁਤ ਕੀਮਤੀ ਅਸੂਲ ਹੈ। ਦੂਜੇ ਪਾਸੇ, ਦੇਸ਼ ਦਾ ਸ਼ਾਸਨ ਕਰਨਾ ਕਿਸੇ ਖਾਸ ਜਾਤ ਦੇ ਲੋਕਾਂ ਦਾ ਵਿਸ਼ੇਸ਼ ਕੰਮ ਨਹੀਂ ਸੀ ਮੰਨਿਆਂ ਜਾ ਸਕਦਾ। ਅਜੇਹਾ ਵਿਚਾਰ ਪੁਰਾਣਾ ਹੈ ਅਤੇ ਆਧੁਨਿਕ ਜ਼ਮਾਨੇ ਵਿਚ ਸਵੀਕਾਰਤ ਨਹੀਂ ਹੈ।

ਹਿੰਦੋਸਤਾਨੀ ਸਿਧਾਂਤ ਨੂੰ ਆਧੁਨਿਕ ਬਣਾਉਣ ਦਾ ਮਤਲਬ ਹੈ ਉਸ ਨੂੰ ਆਧੁਨਿਕ ਹਾਲਤਾਂ ਦੇ ਮੁਤਾਬਕ ਢਾਲਣਾ। ਆਧੁਨਿਕ ਜ਼ਮਾਨੇ ਦੀ ਵਿਸ਼ੇਸ਼ਤਾ ਇਹ ਹੈ ਕਿ ਅੱਜ ਸਾਂਝੀ ਮਾਨਵ ਕਿਰਤ ਸ਼ਕਤੀ ਰਾਹੀਂ, ਵੱਡੇ ਪੈਮਾਨੇ ਉਤੇ ਉਤਪਾਦਨ ਕੀਤਾ ਜਾਂਦਾ ਹੈ, ਜੋ ਕਿ ਹੋਰ ਵੀ ਵਿਕਸਤ ਹੁੰਦਾ ਜਾ ਰਿਹਾ ਹੈ, ਅਤੇ ਵਿਅਕਤੀਗਤ ਜਾਂ ਪ੍ਰੀਵਾਰਕ ਕਿਰਤ ਸ਼ਕਤੀ ਉਤੇ ਅਧਾਰਤ ਛੋਟੇ ਪੈਮਾਨੇ ਦੇ ਉਤਪਾਦਨ ਦੀ ਜਗ੍ਹਾ ਲੈ ਰਿਹਾ ਹੈ। ਆਧੁਨਿਕ ਹਾਲਤਾਂ ਵਿਚ, ਸੱਭ ਖੇਤਰਾਂ ਵਿਚ ਸਮੂਹ ਨੂੰ ਪ੍ਰਧਾਨਤਾ ਦਿੱਤੀ ਜਾਂਦੀ ਹੈ। ਸਾਨੂੰ ਸਿਧਾਂਤ ਨੂੰ ਇਨ੍ਹਾਂ ਵਰਤਮਾਨ ਹਾਲਾਤਾਂ ਦੇ ਅਨੁਕੂਲ ਬਣਾਉਣਾ ਪਵੇਗਾ। ਅੱਜ ਲੋਕਾਂ ਨੇ ਕਿਸੇ ਰਾਜੇ ਦੀ ਛਾਂਟੀ ਜਾਂ ਚੋਣ ਨਹੀਂ ਕਰਨੀ ਹੁਮਦਿ, ਬਲਕਿ ਇੱਕ ਅਜੇਹੇ ਦਲ ਨੂੰ ਚੁਣਨਾ ਹੁੰਦਾ ਹੈ ਜਿਸਨੂੰ ਉਹ ਆਪਣੀ ਪ੍ਰਭੂਸੱਤਾ ਦਾ ਕੁੱਝ ਹਿੱਸਾ ਸੌਂਪ ਦਿੰਦੇ ਹਨ। ਚੁਣੇ ਜਾਣ ਵਾਲਿਆਂ ਦਾ ਫਰਜ਼ ਸਭਨਾਂ ਦਾ ਸੁੱਖ ਅਤੇ ਸੁਰੱਖਿਆ ਯਕੀਨੀ ਬਣਾਉਣਾ ਹੈ, ਅਤੇ ਉਨ੍ਹਾਂ ਨੂੰ ਮੱਤਦਾਤਾਵਾਂ ਦੇ ਕਹਿਣ ਉਤੇ ਕਿਸੇ ਵੀ ਸਮੇਂ ਆਪਣਾ ਪਦ ਛੱਡ ਦੇਣ ਵਾਸਤੇ ਤਿਆਰ ਰਹਿਣਾ ਚਾਹੀਦਾ ਹੈ।

ਸੁੱਖ ਅਤੇ ਸੁਰੱਖਿਆ ਦੀ ਵਰਤਮਾਨ ਪ੍ਰੀਭਾਸ਼ਾ ਵੀ ਦੇਣੀ ਪਵੇਗੀ। ਮਾਨਵ ਜ਼ਰੂਰਤਾਂ ਵਿਚ ਸਿਰਫ ਰੋਟੀ, ਕਪੜਾ ਅਤੇ ਮਕਾਨ ਹੀ ਨਹੀਂ, ਬਲਕਿ ਸ਼ਿਖਸ਼ਾ, ਸੇਹਤ ਸੇਵਾਵਾਂ, ਪੀਣ ਵਾਲਾ ਪਾਣੀ, ਬਿਜਲੀ ਆਦਿ ਵੀ ਸ਼ਾਮਲ ਹਨ। ਸਮਾਜ ਦੇ ਸੱਭ ਮੈਂਬਰਾਂ ਦੀਆਂ ਇਨ੍ਹਾਂ ਜ਼ਰੂਰਤਾਂ ਨੂੰ ਪੂਰਾ ਕਰਨਾ ਅਤੇ ਸਮਾਜਿਕ ਵਾਧੂ ਧਨ ਨੂੰ ਸੱਭ ਲੋਕਾਂ ਦਾ ਜੀਵਨ ਮਿਆਰ ਉਚਾ ਚੁੱਕਣਾ ਅਤੇ ਉਤਪਾਦਕ ਸਮਰੱਥਾ ਵਧਾਉਣਾ ਮੁਮਕਿਨ ਹੈ। ਪਰ ਇਹ ਤਾਂ ਹੀ ਮੁਮਕਿਨ ਹੋ ਸਕਦਾ ਹੈ ਜਦੋਂ ਆਰਥਿਕ ਢਾਂਚਾ ਜਾਂ ਸਮਾਜ ਦੇ ਕਿਸੇ ਵੀ ਖੇਤਰ ਵਿਚ ਨਿੱਜੀ ਧਨ ਜਮਾਂ ਕਰਨ ਦਾ ਲਾਲਚ ਹਾਵੀ ਨਾ ਹੋਵੇ।

ਹਿੰਦੋਸਤਾਨੀ ਸੋਚ ਵਿਚ ਫਰਜ਼ ਜਾਂ ਕਰਤੱਵ ਤੋਂ ਬਿਨਾਂ ਕਿਸੇ ਵੀ ਅਧਿਕਾਰ ਨੂੰ ਮਾਨਤਾ ਨਹੀਂ ਦਿੱਤੀ ਜਾਂਦੀ। ਆਪਣੀ ਪੂੰਜੀ ਉਤੇ ਮੁਨਾਫੇ ਰੂਪ ਵਿਚ ਸਮਾਜਿਕ ਵਾਧੂ ਮੁੱਲ ਦਾ ਕੁੱਝ ਹਿੱਸਾ ਵੀ ਹੜੱਪਣ ਦੀ ਕਿਸੇ ਨੂੰ ਵੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ।

ਮੁਕਾਬਲੇ ਦੀ ਜਗ੍ਹਾ ਸਹਿਯੋਗ ਦੀ ਜਿੱਤ ਦੇ ਮਾਰਗਦਰਸ਼ਨ ਵਾਸਤੇ ਅਤੇ ਸੱਭਿਅਤਾ ਦੇ ਮਹਾਂਮਾਰਗ ਉਤੇ ਸਾਡੇ ਸਮਾਜ ਨੂੰ ਅਗਾਂਹ ਵਧਾਉਣ ਵਾਸਤੇ ਆਧੁਨਿਕ ਹਿੰਦੋਸਤਾਨੀ ਸੋਚ ਦੀ ਜ਼ਰੂਰਤ ਹੈ।

**ਚੰਦਰਭਾਨ: ਕਾਮਰੇਡ, ਇਸ ਰੌਚਕ ਅਤੇ ਗਿਆਨਪੂਰਵਕ ਇੰਟਰਵਿਊ ਵਾਸਤੇ ਤੁਹਾਡਾ ਸ਼ੁਕਰੀਆ।**

# ਵਧ ਰਹੇ ਫਾਸ਼ੀਵਾਦ ਦੀ ਨਿਖੇਧੀ ਕਰੋ

5 ਮਾਰਚ, 2014 ਨੂੰ ਮੇਰਠ, ਉੱਤਰ ਪ੍ਰਦੇਸ਼ ਦੀ ਸਵਾਮੀ ਵਿਵੇਕਾਨੰਦ ਸੁਭਾਰਤੀ ਵਿਸ਼ਵਵਿਦਿਆਲੇ ਦੇ 67 ਕਸ਼ਮੀਰੀ ਵਿਦਿਆਰਥੀਆਂ ਨੂੰ ਵਿਸ਼ਵਵਿਦਿਆਲੇ ਵਿਚੋਂ ਕੱਢ ਦਿੱਤਾ ਗਿਆ। ਵਿਸ਼ਵਵਿਦਿਆਲੇ ਦੇ ਅਧਿਕਾਰੀਆਂ ਨੇ ਰਾਜਤੰਤਰ ਦੀ ਮਿਲੀ-ਭੁਗਤ ਨਾਲ ਇਨ੍ਹਾਂ ਵਿਦਿਆਰਥੀਆਂ ਉਤੇ "ਦੇਸ਼-ਧਰੋਹੀ" ਹੋਣ ਅਤੇ "ਵੱਖ ਵੱਖ ਗਰੁੱਪਾਂ ਵਿਚਕਾਰ ਦੁਸ਼ਮਣੀ ਪੈਦਾ ਕਰਨ" ਦੇ ਦੋਸ਼ ਲਾਏ ਸਨ। ਆਖਰਕਾਰ ਹੋਇਆ ਕੀ ਸੀ? ਦੱਸਿਆ ਜਾਂਦਾ ਹੈ ਕਿ 2 ਮਾਰਚ ਨੂੰ ਹਿੰਦੋਸਤਾਨ ਅਤੇ ਪਾਕਿਸਤਾਨ ਦੀਆਂ ਟੀਮਾਂ ਵਿਚਕਾਰ ਮੈਚ ਦੇਖਦਿਆਂ ਇਨ੍ਹਾਂ ਵਿਦਿਆਰਥੀਆਂ ਨੇ ਪਾਕਿਸਤਾਨੀ ਟੀਮ ਵਾਸਤੇ ਤਾਲੀਆਂ ਵਜਾਈਆਂ ਸਨ! ਇਹ ਵੀ ਕਿਹਾ ਜਾਂਦਾ ਹੈ ਕਿ ਹਿੰਦੋਸਤਾਨੀ ਟੀਮ ਦੀ ਹਮਾਇਤ ਕਰਨ ਵਾਲਿਆਂ ਅਤੇ ਪਾਕਿਸਤਾਨ ਦੀ ਟੀਮ ਦੀ ਹਮਾਇਤ ਕਰਨ ਵਾਲਿਆਂ ਵਿਚਕਾਰ ਝੜਪਾਂ ਹੋਈਆਂ ਸਨ, ਜਿਸ ਦੁਰਾਨ ਹੋਸਟਲ ਦਾ ਕੁੱਝ ਨੁਕਸਾਨ ਹੋ ਗਿਆ ਸੀ। ਵਿਸ਼ਵਵਿਦਿਆਲੇ ਦੇ ਉਪ-ਕੁੱਲਪਤੀ ਵਲੋਂ ਪੱਖਪਾਤੀ ਰਵਈਆ ਅਪਣਾਇਆ ਗਿਆ, ਜਿਸ ਨੇ ਕੇਵਲ ਕਸ਼ਮੀਰੀ ਵਿਦਿਆਰਥੀਆਂ ਖਿਲਾਫ ਐਕਸ਼ਨ ਲਿਆ ਅਤੇ ਉਨ੍ਹਾਂ ਨੂੰ "ਦੇਸ਼ ਧਰੋਹੀ" ਕਰਾਰ ਦਿੱਤਾ। ਏਥੇ ਹੀ ਬੱਸ ਨਹੀਂ, ਰਾਜ ਦੇ ਅਧਿਕਾਰੀਆਂ ਨੇ ਵੀ ਕੋਈ ਕਸਰ ਨਹੀਂ ਛੱਡੀ, ਜਿਨ੍ਹਾਂ ਨੇ ਇਹ ਯਕੀਨੀ ਬਣਾਇਆ ਕਿ ਉੱਤਰ ਪ੍ਰਦੇਸ਼ ਪੁਲੀਸ ਇਨ੍ਹਾਂ ਵਿਦਿਆਰਥੀਆਂ ਦੇ ਖਿਲਾਫ ਕਨੂੰਨੀ ਦੰਡਾਵਲੀ ਦੀ ਦਫਾ 126 ਏ. (ਦੇਸ਼ ਧਰੋਹੀ), 153 ਏ. (ਵੱਖ ਗਰੁੱਪਾਂ ਵਿਚਕਾਰ ਦੁਸ਼ਮਣੀ ਪੈਦਾ ਕਰਨੀ) ਅਤੇ 427 (ਸ਼ਰਾਰਤੀ ਹਰਕਤ) ਦੇ ਅਧੀਨ ਚਾਰਜ ਕਰੇ।

ਇਹ ਹਿੰਦੋਸਤਾਨੀ ਸਮਾਜ ਦੇ ਵਧ ਰਹੇ ਫਾਸ਼ੀਕਰਣ ਨੂੰ ਦਿਖਾਉਂਦਾ ਹੈ, ਅਤੇ ਇਸ ਦੀ ਸਖਤ ਨਿਖੇਧੀ ਕਰਨੀ ਚਾਹੀਦੀ ਹੈ। ਇਸ ਖਬਰ ਨੂੰ ਸੁਣ ਕੇ ਬਹੁਤ ਸਾਰੇ ਲੋਕਾਂ ਨੇ ਵਿਸ਼ਵਵਿਦਿਆਲੇ ਦੇ ਅਧਿਕਾਰੀਆਂ ਅਤੇ ਯੂ.ਪੀ. ਪੁਲੀਸ ਨੂੰ ਲਾਹਣਤਾਂ ਪਾਈਆਂ ਅਤੇ ਇਸ ਦੇ ਕਾਰਨ ਪੁਲੀਸ ਨੂੰ ਦੇਸ਼ ਧਰੋਹ ਦਾ ਦੋਸ਼ ਵਾਪਸ ਲੈਣਾ ਪਿਆ। ਪਰ ਕਈ ਇੱਕ ਸਰਮਾਏਦਾਰਾ ਪਾਰਟੀਆਂ ਨੇ ਕਸ਼ਮੀਰੀ ਵਿਦਿਆਰਥੀਆਂ ਦੇ ਖਿਲਾਫ ਕੀਤੀ ਗਈ ਕਾਰਵਾਈ ਦੀ ਹਾਮੀ ਭਰੀ ਅਤੇ ਸਰਕਾਰੀ ਵਿਚਾਰ ਦੀ ਹਮਾਇਤ ਕੀਤੀ ਕਿ ਵਿਦਿਆਰਥੀਆਂ ਨੇ ਆਪਣੇ ਦੇਸ਼ ਦਾ "ਅਪਮਾਨ" ਕੀਤਾ ਹੈ। ਭਾਜਪਾ, ਜੋ ਅਗਾਮੀ ਚੋਣਾਂ ਵਿਚ ਜਿੱਤ ਪ੍ਰਾਪਤ ਕਰ ਲੈਣ ਦਾ ਦਾਅਵਾ ਕਰ ਰਹੀ ਹੈ, ਉਸਨੇ ਯੂ.ਪੀ. ਦੇ ਚੋਣ ਕਮਿਸ਼ਨ ਕੋਲ ਸ਼ਕਾਇਤ ਕੀਤੀ ਹੈ ਕਿ "ਦੇਸ਼ ਧਰੋਹ" ਦਾ ਚਾਰਜ ਵਾਪਸ ਲੈਣਾ "ਆਚਰਣ ਦੇ ਆਦਰਸ਼ਿਕ ਨੇਮਾਂ ਦੀ ਉਲੰਘਣਾਂ" ਕਰਨ ਦੇ ਤੁੱਲ ਹੈ।

ਇੱਕ ਪਾਸੇ ਤਾਂ ਹਿੰਦੋਸਤਾਨੀ ਰਾਜ ਅਤੇ ਇਸਦੇ ਸਿਆਸੀ ਪ੍ਰਤੀਨਿਧ ਇਹ ਦਾਅਵਾ ਕਰਦੇ ਹਨ ਕਿ ਹਿੰਦੋਸਤਾਨ ਦੁਨੀਆਂ ਦੀ ਇੱਕ ਸੱਭ ਤੋਂ ਵੱਡੀ ਜਮਹੂਰੀਅਤ ਹੈ। ਪਰ ਦੂਸਰੇ ਪਾਸੇ ਉਹ ਕਿਸੇ ਵਿਅਕਤੀ ਦੇ ਨਿੱਜੀ ਵਿਚਾਰਾਂ ਨੂੰ ਵੀ ਬਰਦਾਸ਼ਤ ਕਰਨ ਲਈ ਤਿਆਰ ਨਹੀਂ, ਜੇਕਰ ਇਹ ਵਿਚਾਰ ਸਰਕਾਰੀ ਸੋਚ ਦੇ ਖਿਲਾਫ ਹੋਣ, ਭਾਵੇਂ ਮਾਮਲਾ ਮਹਿਜ਼ ਕ੍ਰਿਕਟ ਟੀਮ ਦੀ ਹਮਾਇਤ ਕਰਨ ਦਾ ਸਧਾਰਨ ਵਿਸ਼ਾ ਹੀ ਕਿਉਂ ਨਾ ਹੋਵੇ। ਇਸ ਨੂੰ ਦੇਸ਼ ਧਰੋਹ -- ਰਾਜ ਦੇ ਖਿਲਾਫ ਜੰਗ -- ਸਮਝਿਆ ਜਾਂਦਾ ਹੈ।

ਜਦੋਂ ਤੋਂ ਲੈ ਕੇ ਬਸਤੀਵਾਦੀ ਸ਼ਾਸਕਾਂ ਨੇ ਸਾਡੇ ਉਪ-ਮਹਾਂਦੀਪ ਦਾ ਖੂਨੀ ਵਟਵਾਰਾ ਕੀਤਾ ਹੈ, ਉਦੋਂ ਤੋਂ ਲੈ ਕੇ ਹੁਣ ਤਕ, ਹਿੰਦੋਸਤਾਨ ਦੀ ਹਾਕਮ ਜਮਾਤ ਨੇ ਹਿੰਦੋਸਤਾਨੀ ਅਤੇ ਪਾਕਿਸਤਾਨੀ ਲੋਕਾਂ ਵਿਚਕਾਰ ਦੁਸ਼ਮਣੀ ਨੂੰ ਉਕਸਾਇਆ ਹੈ, ਪਾਕਿਸਤਾਨ ਖਿਲਾਫ ਜੰਗੀ-ਭੜਕਾਹਟ ਪੈਦਾ ਕੀਤੀ ਹੈ ਅਤੇ ਆਪਣੇ ਦੇਸ਼ ਵਿਚ ਮੁਸਲਮਾਨ ਲੋਕਾਂ ਦੇ ਖਿਲਾਫ ਹਮਲੇ ਕੀਤੇ ਹਨ। ਇਸ ਜਮਾਤ ਨੇ ਬਾਰ ਬਾਰ ਫਿਰਕੂ ਹਿੰਸਾ ਅਤੇ ਕਤਲੇਆਮ ਜਥੇਬੰਦ ਕਰਕੇ ਮੁਸਲਮਾਨ ਧਰਮ ਦੇ ਲੋਕਾਂ ਵਿਚ ਅਸੁਰੱਖਿਆ ਦਾ ਮਹੌਲ ਪੈਦਾ ਕੀਤਾ ਹੈ। ਇਸਦੇ ਨਾਲ ਨਾਲ ਇਸਨੇ ਕਸ਼ਮੀਰੀ ਕੌਮ ਉਤੇ ਫੌਜ ਦੇ ਬਲ-ਬੂਤੇ ਹਕੂਮਤ ਕੀਤੀ ਹੈ, ਫੌਜ ਅਤੇ ਸੁਰੱਖਿਆ ਬਲਾਂ ਦੇ ਜ਼ਰੀਏ ਉਥੋਂ ਦੇ ਲੋਕਾਂ ਦੇ ਆਤਮ-ਨਿਰਣੇ ਦੇ ਹੱਕ ਨੂੰ ਕੁਚਲਿਆ ਹੈ ਅਤੇ ਕਸ਼ਮੀਰੀ ਲੋਕਾਂ ਵਲੋਂ ਕੀਤੇ ਗਏ ਹਰ ਵਿਰੋਧ ਨੂੰ ਜ਼ੁਰਮ ਕਰਾਰ ਦਿੱਤਾ ਹੈ। ਏਨਾ ਹੀ ਨਹੀਂ, ਹਿੰਦੋਸਤਾਨ ਦੀਆਂ ਹਾਕਮ ਜਮਾਤਾਂ ਇਹ ਵੀ ਮੰਗ ਕਰ ਰਹੀਆਂ ਹਨ ਕਿ ਹਿੰਦੋਸਤਾਨ ਵਿਚ ਰਹਿੰਦੇ ਸੱਭ ਮੁਸਲਮਾਨ ਲੋਕ ਕ੍ਰਿਕਟ ਅਤੇ ਹਾਕੀ ਦੇ ਮੈਚਾਂ ਦੁਰਾਨ ਪਾਕਿਸਤਾਨ ਦੇ ਖਿਲਾਫ ਸਟੈਂਡ ਲੈ ਕੇ ਆਪਣੀ "ਦੇਸ਼-ਭਗਤੀ" ਦਾ ਸਬੂਤ ਦੇਣ! ਜਦੋਂ ਕੋਈ ਅਮਰੀਕਾ ਜਾਂ ਬਰਤਾਨੀਆਂ ਦੀਆਂ ਟੀਮਾਂ ਵਲੋਂ ਹਿੰਦੋਸਤਾਨ ਜਾਂ ਇਸ ਉਪ-ਮਹਾਂਦੀਪ ਦੇ ਕਿਸੇ ਵੀ ਹੋਰ ਦੇਸ਼ ਦੀ ਟੀਮ ਖਿਲਾਫ ਜਿੱਤ ਜਾਣ ਉਤੇ ਤਾਲੀਆਂ ਵਜਾ ਕੇ ਉਨ੍ਹਾਂ ਨੂੰ ਸਲਾਹੁੰਦਾ ਹੈ ਜਾਂ ਉਨ੍ਹਾਂ ਦੇਸ਼ਾਂ ਦੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕਰਦਾ ਹੈ ਤਾਂ ਇਸ ਵਿਚ ਹਿੰਦੋਸਤਾਨ ਦੀ ਹਾਕਮ ਜਮਾਤਾਂ ਨੂੰ ਕੋਈ ਸਮੱਸਿਆ ਨਹੀਂ ਨਜ਼ਰ ਆਉਂਦੀ।

ਵੱਖ ਵੱਖ ਗਰੁੱਪਾਂ ਵਿਚਕਾਰ ਦੁਸ਼ਮਣੀ ਫੈਲਾਉਣ ਦਾ ਦੋਸ਼ ਜੋ ਇਨ੍ਹਾਂ ਵਿਦਿਆਰਥੀਆਂ ਉਤੇ ਲਾਇਆ ਗਿਆ ਹੈ ਉਹ ਵੀ ਸਰਾਸਰ ਬਕਵਾਸ ਹੈ। ਪੰਜਾਬ ਅਤੇ ਜੰਮੂ-ਕਸ਼ਮੀਰ ਵਿਚ ਰਹਿਣ ਵਾਲੇ ਹਿੰਦੋਸਤਾਨੀ ਅਤੇ ਪਾਕਿਸਤਾਨੀ ਲੋਕਾਂ ਨੇ ਬਾਰ ਬਾਰ ਮੰਗ ਕੀਤੀ ਹੈ ਕਿ ਉਨਾਂ ਦਾ ਆਪਸ ਵਿਚ ਸਮਾਜਿਕ ਅਤੇ ਸੱਭਿਆਚਾਰਕ ਮੇਲ-ਮਿਲਾਪ ਹੋਣਾ ਚਾਹੀਦਾ ਹੈ ਤਾਂ ਕਿ 1947 ਵਿਚ ਵਿਛੜੇ ਪ੍ਰਵਾਰ ਮਿਲ-ਗਿਣ ਸਕਣ, ਦੋਵਾਂ ਦੇਸ਼ਾਂ ਵਿਚਕਾਰ ਅਮਨ ਰੱਖਣ ਦੀਆਂ ਸੱਭ ਸੰਭਾਵਨਾਵਾਂ ਨੂੰ ਉਤਸ਼ਾਹਤ ਕੀਤਾ ਜਾ ਸਕੇ ਅਤੇ ਸਾਡੇ ਦੋਵਾਂ ਦੇਸ਼ਾਂ ਵਿਚਕਾਰ ਕਸ਼ਮਕਸ਼ ਨੂੰ ਘਟਾਇਆ ਜਾ ਸਕੇ। ਲੇਕਿਨ ਬਾਰ ਬਾਰ ਇਹੀ ਦੇਖਣ ਵਿਚ ਆਇਆ ਹੈ ਕਿ ਇਸ ਉਪ-ਮਹਾਂਦੀਪ ਵਿਚ ਸ਼ਾਂਤੀ ਬਣਾਉਣ ਦੇ ਸਾਹਮਣੇ ਸੱਭ ਤੋਂ ਵੱਡਾ ਰੋੜਾ ਅਮਰੀਕੀ-ਬਰਤਾਨਵੀਂ ਸਾਮਰਾਜਵਾਦ ਅਤੇ ਹਿੰਦੋਸਤਾਨ ਤੇ ਪਾਕਿਸਤਾਨ ਵਿਚ ਉਨ੍ਹਾਂ ਦੀਆਂ ਏਜੰਸੀਆਂ ਹਨ। ਦੂਸਰੇ ਪਾਸੇ, ਹਿੰਦੋਸਤਾਨੀ ਹਾਕਮ ਜਮਾਤਾਂ ਬਰਤਾਨਵੀ-ਅਮਰੀਕੀ ਸਾਮਰਾਜਵਾਦੀਆਂ ਦੀ ਜੁੱਤੀ ਚੱਟਣ ਅਤੇ ਗੁਆਂਢੀ ਦੇਸ਼ਾਂ, ਖਾਸ ਕਰਕੇ ਪਾਕਿਸਤਾਨ ਦੇ ਖਿਲਾਫ ਜ਼ਹਿਰ ਉਗਲਣ ਨੂੰ ਦੇਸ਼-ਭਗਤੀ ਕਹਿੰਦੀਆਂ ਹਨ। ਹਿੰਦੋਸਤਾਨੀ ਹਾਕਮ ਜਮਾਤਾਂ ਸਾਡੇ ਇਨ੍ਹਾਂ ਦੋਵਾਂ ਦੇਸ਼ਾਂ ਦੇ ਲੋਕਾਂ ਵਿਚਕਾਰ ਦੁਸ਼ਮਣੀ ਕਾਇਮ ਰੱਖ ਕੇ ਆਪਣੇ ਸੌੜੇ ਨਿੱਜੀ ਹਿੱਤਾਂ ਦੀ ਪੂਰੀ ਕਰਦੀਆਂ ਹਨ ਅਤੇ ਇੱਕ ਦੂਸਰੇ ਦਾ ਵਿਸ਼ਵਾਸ਼ ਜਿੱਤਣ ਅਤੇ ਅਮਨ ਵਾਰਤਾਲਾਪਾਂ ਨੂੰ ਅੱਗੇ ਵਧਾਉਣ ਦੇ ਕੋਈ ਖਾਸ ਯਤਨ ਨਹੀਂ ਕਰ ਰਹੀਆਂ। ਹਿੰਦੋਸਤਾਨ ਦੀਆਂ ਹਾਕਮ ਜਮਾਤਾਂ ਨੇ ਇਨ੍ਹਾਂ ਕਦਮਾਂ ਦੀ ਨਾਕਾਮਯਾਬੀ ਵਾਸਤੇ ਹਮੇਸ਼ਾ ਪਾਕਿਸਤਾਨ ਨੂੰ ਦੋਸ਼ੀ ਠਹਿਰਾਉਂਦੀਆਂ ਹਨ।

ਸਾਡੇ ਦੇਸ਼ ਵਿਚ ਇੱਕ ਬਹੁਤ ਹੀ ਖਤਰਨਾਕ ਸਥਿਤੀ ਤਿਆਰ ਹੋ ਰਹੀ ਹੈ। ਜੋ ਕੋਈ ਵੀ ਹੁਕਮਰਾਨਾਂ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਹੁੰਦਾ ਉਸ ਨੂੰ ਦੇਸ਼-ਧਰੋਹੀ ਕਰਾਰ ਦੇ ਦਿੱਤਾ ਜਾਂਦਾ ਹੈ। ਅੱਜ ਇਨਸਾਫ ਦੇ ਪੱਖ ਵਿਚ ਜਾਂ ਕਸ਼ਮੀਰੀ ਲੋਕਾਂ ਦੇ ਸਵੈ-ਨਿਰਣੇ ਦੇ ਪੱਖ ਵਿਚ ਅਤੇ ਜਾਂ ਫਿਰ ਪਾਕਿਸਤਾਨ ਦੇ ਲੋਕਾਂ ਦੇ ਪੱਖ ਵਿਚ ਕੋਈ ਗੱਲ ਕਰਨਾ ਗੁਨਾਹ ਸਮਝਿਆ ਜਾ ਰਿਹਾ ਹੈ। ਜਨਤਕ ਵਿਰੋਧ ਨੂੰ ਅਪਰਾਧੀ ਠਹਿਰਾਉਣ ਦੀ ਪ੍ਰੀਕ੍ਰਿਆ ਨੂੰ ਨਵੀਂਆਂ ਉਚਾਈਆਂ ਤਕ ਲਿਜਾਇਆ ਜਾ ਰਿਹਾ ਹੈ। ਇਸ ਵਧ ਰਹੇ ਫਾਸ਼ੀਵਾਦ ਨੂੰ ਰੋਕਣ ਵਾਸਤੇ ਸਾਨੂੰ ਸੱਭ ਨੂੰ ਇੱਕਮੁੱਠ ਹੋਣ ਪਵੇਗਾ। ■

## ਪਾਠਕਾਂ ਨੂੰ ਇੱਕ ਅਪੀਲ

ਪਾਠਕਾਂ ਨੂੰ ਅਪੀਲ ਹੈ ਕਿ *ਮਜ਼ਦੂਰ ਏਕਤਾ ਲਹਿਰ* ਅਦਾਰੇ ਨੂੰ ਮਜ਼ਦੂਰਾਂ, ਕਿਸਾਨਾਂ, ਔਰਤਾਂ, ਨੌਜਵਾਨਾਂ ਅਤੇ ਸਮਾਜ ਦੇ ਹੋਰ ਹਰ ਵਰਗ ਦੀ ਜ਼ਿੰਦਗੀ ਅਤੇ ਸੰਘਰਸ਼ਾਂ ਬਾਰੇ ਲੇਖ ਤੇ ਰਿਪੋਟਾਂ ਭੇਜਣ। ਇਸ ਨਾਲ ਦੇਸ਼ ਦੇ ਨਵ-ਨਿਰਮਾਣ ਲਈ ਮਜ਼ਦੂਰ-ਮਿਹਨਤਕਸ਼ ਦੀ ਰਾਜਨੀਤਿਕ ਏਕਤਾ ਅਤੇ ਸੰਘਰਸ਼ ਮਜ਼ਬੂਤ ਬਣੇਗਾ।

## ਅੰਤਰਰਾਸ਼ਟਰੀ ਮਹਿਲਾ ਦਿਵਸ, ਦਿੱਲੀ:

# ਸਮਾਜ ਦੀ ਮੁਕਤੀ ਦੀ ਇੱਕ ਜ਼ਰੂਰੀ ਸ਼ਰਤ ਹੈ: ਔਰਤਾਂ ਦੀ ਮੁਕਤੀ!






8 ਮਾਰਚ ਨੂੰ ਦਿੱਲੀ ਵਿਚ ਹਰੇਕ ਸਾਲ ਵਾਂਗ ਇਸ ਸਾਲ ਭੀ ਜੰਤਰ ਮੰਤਰ ਉਤੇ ਮਹਿਲਾ ਦਿਵਸ ਦੇ ਮੌਕੇ ਉਤੇ ਇੱਕ ਸ਼ਾਨਦਾਰ ਸਭਾ ਜਥੇਬੰਦ ਕੀਤੀ ਗਈ। ਇਸ ਸਭਾ ਵਿਚ ਦਿੱਲੀ ਦੇ ਵੱਖ ਵੱਖ ਤਬਕਿਆਂ ਦੇ ਸੈਂਕੜੇ ਔਰਤਾਂ ਅਤੇ ਪੁਰਸ਼ਾਂ ਨੇ ਭਾਗ ਲਿਆ। ਇਹ ਸਭਾ ਔਰਤਾਂ ਦੇ ਵੱਖ ਵੱਖ ਸੰਗਠਨਾਂ ਦੀ ਇੱਕ ਸਾਂਝੀ ਕਮੇਟੀ ਵਲੋਂ ਜਥੇਬੰਦ ਕੀਤੀ ਗਈ, ਜਿਸ ਵਿਚ ਪੁਰੋਗਾਮੀ ਮਹਿਲਾ ਸੰਗਠਨ, ਐਨ.ਐਫ.ਆਈ.ਡਬਲਯੂ.ਏ., ਸਵਾਸਤਿਕ ਮਹਿਲਾ ਸੰਮਤੀ, ਵਾਈ.ਡਬਲਯੂ.ਸੀ.ਏ., ਏ.ਆਈ.ਸੀ.ਸੀ.ਡਬਲਯੂ. ਡਬਲਯੂ., ਸੀ.ਬੀ.ਸੀ.ਆਈ., ਜਾਗੋਰੀ, ਜੇ.ਡਬਲਯੂ.ਪੀ., ਆਰ.ਡੀ.ਐਮ.ਏ., ਸਹੇਲੀ, ਵਾਈ.ਡਬਲਯੂ.ਸੀ.ਏ. ਆਦਿ ਸੰਗਠਨ ਸ਼ਾਮਲ ਸਨ।

ਸਭਾ ਵਾਲੀ ਜਗਾਹ ਉਤੇ ਔਰਤਾਂ ਦੀਆਂ ਜਥੇਬੰਦੀਆਂ ਨੇ ਕਈ ਰਾਜਨੀਤਕ ਨਾਅਰਿਆਂ ਵਾਲੇ ਬੈਨਰ ਲਾਏ ਹੋਏ ਸਨ, ਜਿਨ੍ਹਾਂ ਦਾ ਮੁੱਖ ਸੰਦੇਸ਼ ਸੀ ਕਿ ਔਰਤਾਂ ਦੀ ਮੁਕਤੀ ਵਾਸਤੇ ਰਾਜਨੀਤਕ ਸੱਤਾ ਲੋਕਾਂ ਦੇ ਹੱਥਾਂ ਵਿਚ ਹੋਣੀ ਚਾਹੀਦੀ ਹੈ। ਇਹ ਨਾਅਰੇ ਸਨ -- 'ਸ਼ਾਸਨ ਸੱਤਾ ਅਪਨੇ ਹਾਥ, ਜ਼ੁਲਮ ਅਨਿਆਏ ਕਰੇਂ ਸਮਾਪਤ', 'ਮਹਿਲਾਓਂ ਪਰ ਬੜਤੇ ਸ਼ੋਸ਼ਣ ਔਰ ਦਮਨ ਕਾ ਕਾਰਣ ਉਦਾਰੀਕਰਣ, ਨਿੱਜੀਕਰਣ ਅਤੇ ਭੂਮੰਡਲੀਕਰਣ'!, 'ਮੇਹਨਤਕਸ਼ ਜਨਤਾ ਦੇਸ਼ ਕੀ ਦੌਲਤ ਕੇ ਮਾਲਿਕ ਬਨੇਂ'!, 'ਅਪਨੀ ਸੁਰਕ੍ਸ਼ਾ ਕੇ ਲੀਏ ਜਨ ਸੰਮਤੀਆਂ ਸੰਗਠਿਤ ਔਰ ਮਜ਼ਬੂਤ ਕਰੇਂ'!, 'ਸਰਵਵਿਆਪੀ ਸਾਰਵਜਨਕ ਵਿਤਰਣ ਵਿਵਸਥਾ, ਖਾਧਿਆ ਸਮੱਸਿਆ ਕੇ ਸਮਾਧਾਨ ਕਾ ਰਸਤਾ'!, 'ਸ਼ੋਸ਼ਣ ਅਨਿਆਇ ਖਤਮ ਕਰੇਂਗੇ, ਨਯਾ ਸਮਾਜ ਬਨਾਏਂਗੇ'!, 'ਮਹਿਲਾਓਂ ਕੀ ਮੁਕਤੀ ਸਮਾਜ ਕੀ ਮੁਕਤੀ ਕੀ ਨਿਰਣਾਇਕ ਸ਼ਰਤ'!, ਆਦਿ, ਆਦਿ।

ਸਭਾ ਦੀ ਸ਼ੁਰੂਆਤ ਔਰਤਾਂ ਦੀ ਮੁਕਤੀ ਸੰਘਰਸ਼ ਦੇ ਗੀਤਾਂ ਨਾਲ ਹੋਈ। ਗੀਤਾਂ ਤੋਂ ਬਾਅਦ ਵੱਖ ਵੱਖ ਜਥੇਬੰਦੀਆਂ ਦੇ ਬੁਲਾਰਿਆਂ ਨੇ ਸਭਾ ਨੂੰ ਸੰਬੋਧਨ ਕੀਤਾ।

ਪੁਰੋਗਾਮੀ ਮਹਿਲਾ ਸੰਗਠਨ ਵਲੋਂ ਕਾਮਰੇਡ ਰੇਨੂ ਨੇ ਕਿਹਾ ਕਿ ਔਰਤਾਂ ਦੀ ਮੁਕਤੀ ਮਜ਼ਦੂਰ ਜਮਾਤ ਦੀ ਮੁਕਤੀ ਨਾਲ ਜੁੜੀ ਹੋਈ ਹੈ।

ਉਸ ਨੇ ਕਿਹਾ ਕਿ ਇਸ ਪੂੰਜੀਵਾਦੀ ਢਾਂਚੇ ਵਿਚ ਔਰਤਾਂ ਦੀ ਦੋਹਰੀ ਲੁੱਟ ਕੀਤੀ ਜਾਂਦੀ ਹੈ -- ਇੱਕ, ਔਰਤ ਬਤੌਰ ਅਤੇ ਦੂਸਰਾ, ਇੱਕ ਮਹਿਲਾ ਮਜ਼ਦੂਰ ਦੇ ਬਤੌਰ। ਔਰਤ ਮਜ਼ਦੂਰਾਂ ਨੂੰ ਬਰਾਬਰ ਦੇ ਕੰਮ ਵਾਸਤੇ ਬਰਾਬਰ ਵੇਤਨ ਨਹੀਂ ਦਿੱਤਾ ਜਾਂਦਾ, ਤਾਂ ਕਿ ਪੂੰਜੀਪਤੀ ਵੱਧ ਤੋਂ ਵੱਧ ਮੁਨਾਫਾ ਬਣ ਸਕੇ। 1984, 1992 ਵਿਚ ਹਿੰਦੋਸਤਾਨੀ ਰਾਜ ਵਲੋਂ ਜਥੇਬੰਦ ਕੀਤੀ ਫਿਰਕੂ ਹਿੰਸਾ ਦੇ ਜ਼ਰੀਏ ਰਾਜਨੀਤਕ ਪਾਰਟੀਆਂ ਸੱਤਾ ਵਿਚ ਆਈਆਂ, ਉਸਤੋਂ ਬਾਅਦ ਇਹੀ ਸਿਲਸਿਲਾ ਜਾਰੀ ਹੈ। ਇਸ ਢਾਂਚੇ ਵਿਚ ਔਰਤ ਨੂੰ ਇੱਕ ਵਸਤੂ ਬਤੌਰ ਇਸਤੇਮਾਲ ਕੀਤਾ ਜਾਂਦਾ ਹੈ। ਮਿਸਾਲ ਦੇ ਤੌਰ ਤੇ, ਔਰਤ ਦੀ ਬੱਚੇਦਾਨੀ ਵਿਚ ਆਂਡੇ ਨੂੰ ਵੇਚ ਕੇ ਵੀ ਵੱਧ ਤੋਂ ਵੱਧ ਮੁਨਾਫਾ ਬਣਾਉਣ ਲਈ ਵਰਤਿਆ ਜਾ ਰਿਹਾ ਹੈ। ਮਾਂ ਦੇ ਗਰਭ ਨੂੰ ਕਿਸੇ ਦੂਸਰੇ ਵਿਅਕਤੀ ਦਾ ਬੱਚਾ ਪਾਲਣ ਵਾਸਤੇ ਉਸਨੂੰ ਇੱਕ ਮਸ਼ੀਨ ਦੇ ਤੌਰ ਤੇ ਵਰਤਿਆ ਜਾਂਦਾ ਹੈ। ਇਹ ਘਿਨਾਉਣੇ ਕੰਮ ਹਿੰਦੋਸਤਾਨ ਵਰਗੇ ਮੁਲਕਾਂ ਵਿਚ ਹੀ ਹੁੰਦੀਆਂ ਹਨ। ਸੱਤਾ ਵਿਚ ਕੋਈ ਵੀ ਪਾਰਟੀ ਹੋਵੇ, ਕਾਂਗਰਸ ਜਾਂ ਭਾਜਪਾ, ਕੋਈ ਵੀ ਔਰਤਾਂ ਦੇ ਮੁੱਦੇ ਨੂੰ ਸੰਸਦ ਵਿਚ ਜਾਂ ਸੰਸਦ ਤੋਂ ਬਾਹਰ ਨਹੀਂ ਉਠਾਉਂਦੀ। ਪਿਛਲੇ 67 ਸਾਲਾਂ ਵਿਚ ਇਨ੍ਹਾਂ ਪਾਰਟੀਆਂ ਦਾ ਇਹੀ ਇਤਿਹਾਸ ਰਿਹਾ ਹੈ।

ਉਸ ਨੇ ਔਰਤਾਂ ਨੂੰ ਅਪੀਲ ਕੀਤੀ ਕਿ ਆਪਣੇ ਕੰਮਾਂ ਉਤੇ ਮਜ਼ਦੂਰ ਸੰਮਤੀਆਂ ਬਣਾਓ। ਪੁਰਸ਼ ਅਤੇ ਔਰਤਾਂ ਦੋਵਾਂ ਨੂੰ ਰਲ ਕੇ ਮਜ਼ਦੂਰ ਬਤੌਰ ਸੰਘਰਸ਼ ਕਰਨਾ ਚਾਹੀਦਾ ਹੈ। ਸੱਭ ਔਰਤਾਂ ਸੰਗਠਤ ਹੋ ਕੇ ਆਉਣ ਵਾਲੀਆਂ ਲੋਕ ਸਭਾ ਦੀਆਂ ਚੋਣਾਂ ਵਿਚ ਔਰਤਾਂ ਦੇ ਮਸਲਿਆਂ ਨੂੰ ਜ਼ੋਰ-ਸ਼ੋਰ ਨਾਲ ਉਠਾਉਣ ਤਾਂ ਕਿ ਸਾਰੀਆਂ ਪਾਰਟੀਆਂ ਨੂੰ ਔਰਤਾਂ ਦੇ ਮਸਲੇ ਉਠਾਉਣ ਉਤੇ ਮਜਬੂਰ ਹੋਣਾ ਪਵੇ। ਔਰਤਾਂ ਨੂੰ ਪੂਰੀ ਮਜ਼ਦੂਰ ਜਮਾਤ ਦੇ ਅੰਦੋਲਨ ਦੇ ਨਾਲ ਜੁੜ ਕੇ ਮਜ਼ਦੂਰ ਜਮਾਤ ਨੂੰ ਸੱਤਾ ਵਿਚ ਲਿਆਉਣ ਦੇ ਸੰਘਰਸ਼ ਦੇ ਨਾਲ ਮਿਲ ਕੇ ਸੰਘਰਸ਼ ਕਰਨਾ ਚਾਹੀਦਾ ਹੈ ਅਤੇ ਔਰਤ ਤੇ ਮਜ਼ਦੂਰ ਬਤੌਰ ਦੇਸ਼ ਦੀ ਸੱਤਾ ਆਪਣੇ ਹੱਥਾਂ ਵਿਚ ਲੈਣੀ ਚਾਹੀਦੀ ਹੈ। ਫੇਰ ਹੀ ਸਹੀ ਮਾਅਨਿਆਂ ਵਿਚ ਔਰਤਾਂ ਸਮਰਥ ਬਣ ਸਕਦੀਆਂ ਹਨ।

ਸਭਾ ਨੂੰ ਸੰਬੋਧਨ ਕਰਦਿਆਂ ਕਈ ਬੁਲਾਰਿਆਂ ਨੇ ਕਿਹਾ ਕਿ ਔਰਤਾਂ ਦੀ ਸੁਰਖਿਆ ਸਬੰਧੀ ਕੋਈ ਵੀ ਸਰਕਾਰ ਗੰਭੀਰ ਨਹੀਂ ਰਹੀ ਹੈ, ਚਾਹੇ ਉਹ ਕਿਸੇ ਵੀ ਰਾਜਨੀਤਕ ਪਾਰਟੀ ਦੀ ਸਰਕਾਰ ਹੋਵੇ।

ਮਹਿਲਾ ਦਿਵਸ ਦੇ ਇਤਿਹਾਸ ਬਾਰੇ ਬੋਲਦਿਆਂ ਬੁਲਾਰਿਆਂ ਨੇ ਦੱਸਿਆ ਕਿ ਔਰਤਾਂ ਦੀ ਮੁਕਤੀ ਦਾ ਸੰਘਰਸ ਲੱਗਭਗ ਇੱਕ ਸੌ ਸਾਲ ਤੋਂ ਚਲ ਰਿਹਾ ਹੈ। ਇਸ ਸੰਘਰਸ਼ ਵਿਚ ਅਸੀਂ ਕਈ ਇੱਕ ਜਿੱਤਾਂ ਪ੍ਰਾਪਤ ਕੀਤੀਆਂ ਹਨ। ਇਸ ਦਿਨ ਦੀ ਸ਼ੁਰੂਆਤ

ਬਾਕੀ ਸਫਾ 12 'ਤੇ

# ਵਰਲੀ, ਮੁੰਬਈ ਵਿਚ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਗਿਆ

9 ਮਾਰਚ, 2014 ਨੂੰ ਵਰਲੀ ਬੀ.ਡੀ.ਡੀ. ਇਲਾਕੇ ਦੇ ਅੰਬੇਦਕਰ ਮੈਦਾਨ ਵਿਚ ਬੜੀ ਧੂਮ ਧਾਮ ਦੇ ਨਾਲ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਗਿਆ। ਮੇਹਨਤਕਸ਼ ਔਰਤਾਂ ਅਤੇ ਉਨ੍ਹਾਂ ਦੇ ਪ੍ਰੀਵਾਰਾਂ ਨੇ ਬਹੁਤ ਹੀ ਉਤਸ਼ਾਹ ਦੇ ਨਾਲ ਇਸ ਸਮਾਗਮ ਵਿਚ ਭਾਗ ਲਿਆ। ਪ੍ਰੋਗਰਾਮ ਦੀ ਸ਼ੁਰੂਆਤ ਉਲਹਾਸ ਨਗਰ ਦੇ ਨੌਜਵਾਨਾਂ ਵਲੋਂ ਪੇਸ਼ ਕੀਤੇ ਗਏ ਗੀਤਾਂ ਅਤੇ ਇੱਕ ਕਪੜਾ ਮਿੱਲ ਦੇ ਮਜ਼ਦੂਰ ਵਲੋਂ ਪੜਾਵਾ ਗੀਤ ਨਾਲ ਹੋਈ।

ਲੋਕ ਰਾਜ ਸੰਗਠਨ ਦੀ ਪ੍ਰਤੀਨਿਧ ਕਾਮਰੇਡ ਕੁਸੁਮ ਨੇ ਪ੍ਰੋਗਰਾਮ ਵਿਚ ਪਹੁੰਚੇ ਸੱਭ ਸੰਗਠਨਾਂ ਅਤੇ ਲੋਕਾਂ ਦਾ ਸਵਾਗਤ ਕੀਤਾ। ਉਸ ਨੇ ਦੱਸਿਆ ਕਿ 16ਵੀਂ ਲੋਕ ਸਭਾ ਦੇ ਚੁਣਾਵਾਂ ਦੀ ਮੁਹਿੰਮ ਸ਼ੁਰੂ ਹੋ ਚੁੱਕੀ ਹੈ। ਸਰਮਾਏਦਾਰਾ ਪਾਰਟੀਆਂ ਜਿੱਤ ਪ੍ਰਾਪਤ ਕਰਨ ਵਾਸਤੇ ਪੈਸਾ ਵਹਾਉਣ ਦੇ ਨਾਲ ਨਾਲ ਬਾਹੂ-ਬਲ ਦਾ ਵੀ ਪ੍ਰਯੋਗ ਕਰਨਗੀਆਂ। ਉਸਨੇ ਸਮਝਾਇਆ ਕਿ ਵੱਡੇ ਸਰਮਾਏਦਾਰ ਹੀ ਇਹ ਤੈਅ ਕਰਦੇ ਹਨ ਕਿ ਕਿਹੜੀ ਪਾਰਟੀ ਜਾਂ ਗਠਬੰਧਨ ਨੂੰ, ਉਨ੍ਹਾਂ ਦਾ ਪ੍ਰੋਗਰਾਮ ਲਾਗੂ ਵਾਸਤੇ ਸੱਤਾ ਵਿਚ ਲਿਆਂਦਾ ਜਾਵੇਗਾ। ਸੱਤਾ ਵਿਚ ਆਉਣ ਤੋਂ ਬਾਅਦ, ਇਹ ਪਾਰਟੀਆਂ ਜਾਂ ਗਠਬੰਧਨ, ਉਹੀ ਨਿੱਜੀਕਰਣ ਤੇ ਉਦਾਰੀਕਰਣ ਦੇ ਜ਼ਰੀਏ ਵੈਸ਼ਵੀਕਰਣ ਦਾ ਪ੍ਰੋਗਰਾਮ ਲਾਗੂ ਕਰਨਗੇ, ਜਿਸ ਦੇ ਜ਼ਰੀਏ ਸੱਭ ਤੋਂ ਵੱਡੇ ਸਰਮਾਏਦਾਰ ਅੱਜ ਅੰਤਰਰਾਸ਼ਟਰੀ ਖਿਲਾੜੀ ਬਣੇ ਹਨ।

ਉਸਨੇ ਰਾਜਨੀਤਕ ਢਾਂਚੇ ਅਤੇ ਪ੍ਰੀਕ੍ਰਿਆ ਵਿਚ ਉਨ੍ਹਾਂ ਸੁਧਾਰਾਂ ਵਾਰੇ ਵਿਸਥਾਰ ਪੂਰਬਕ ਦੱਸਿਆ, ਜਿਨ੍ਹਾਂ ਨਾਲ ਰਾਜਨੀਤਕ ਢਾਂਚੇ ਅਤੇ ਪ੍ਰੀਕ੍ਰਿਆ ਵਿਚੋਂ ਸਰਮਾਏਦਾਰਾ ਜਮਾਤ ਦੀਆਂ ਰਾਜਨੀਤਕ ਪਾਰਟੀਆਂ ਦਾ ਦਬਦਬਾ ਖਤਮ ਕੀਤਾ ਜਾ ਸਕਦਾ ਹੈ ਅਤੇ ਜਿਨ੍ਹਾਂ ਵਾਸਤੇ ਲੋਕ ਰਾਜ ਸੰਗਠਨ ਸੰਘਰਸ਼ ਕਰਦਾ ਆ ਰਿਹਾ ਹੈ। ਉਮੀਦਵਾਰ ਖੜ੍ਹੇ ਕਰਨ ਵਾਸਤੇ ਛਾਂਟੇ ਜਾਣ ਵਿਚ ਅੰਤਮ ਫੈਸਲਾ ਲੋਕਾਂ ਦਾ ਹੋਣਾ ਚਾਹੀਦਾ ਹੈ। ਲੋਕਾਂ ਨੂੰ ਪ੍ਰਤੀਨਿਧ ਵਾਪਸ ਬੁਲਾਉਣ ਅਤੇ ਕਨੂੰਨ ਬਣਾਉਣ ਵਿਚ ਪਹਿਲ ਕਦਮੀ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ। ਕਿਸੇ ਵੀ ਵਿਅਕਤੀ ਜਾਂ ਪਾਰਟੀ ਨੂੰ ਚੋਣ ਮੁਹਿੰਮ ਵਿਚ ਪੈਸਾ ਖਰਚ ਕਰਨ ਦੀ ਇਜ਼ਾਜ਼ਤ ਨਹੀਂ ਹੋਣੀ ਚਾਹੀਦੀ। ਚੋਣ ਪ੍ਰੀਕ੍ਰਿਆ ਦਾ ਪੂਰਾ ਖਰਚਾ ਰਾਜ ਨੂੰ ਭਰਨਾ ਚਾਹੀਦਾ ਹੈ। ਇਸ ਤਰ੍ਹਾਂ ਲੋਕਾਂ ਦੇ ਉਮੀਦਵਾਰਾਂ ਨੂੰ ਖੜ੍ਹੇ ਹੋਣ ਅਤੇ ਚੁਣੇ ਜਾਣ ਦਾ ਰਸਤਾ ਖੁੱਲ੍ਹੇਗਾ।



ਉਸ ਨੇ ਵਰਲੀ ਦੇ ਲੋਕ ਰਾਜ ਸੰਗਠਨ ਦੀ ਵਰਲੀ ਕਮੇਟੀ ਦੀ ਅਗਵਾਈ ਵਿਚ ਵਰਲੀ ਦੀਆਂ ਔਰਤਾਂ ਵਲੋਂ ਰਾਸ਼ਣ ਪ੍ਰਾਪਤ ਕਰਨ ਵਾਸਤੇ ਕੀਤੇ ਸੰਘਰਸ਼ ਨੂੰ ਸਲਾਹਿਆ। ਉਸ ਨੇ ਔਰਤਾਂ ਨੂੰ ਆਪਣੀਆਂ ਸੰਮਤੀਆਂ ਮਜ਼ਬੂਤ ਕਰਨ ਵਾਸਤੇ ਬੁਲਾਵਾ ਦਿੱਤਾ, ਅਤੇ ਇਨ੍ਹਾਂ ਰਾਹੀਂ ਇੱਕਮੁੱਠ ਸੰਘਰਸ਼ ਚਲਾ ਕੇ ਆਪਣਾ ਜੀਵਨ ਮਿਆਰ ਉੱਚਾ ਚੁੱਕਣ ਦਾ ਸੱਦਾ ਦਿੱਤਾ। ਕਾਮਰੇਡ ਸੁਸ਼ੀਲ ਅਤੇ ਵਿਦਿਆ ਨੇ ਰਾਸ਼ਣ ਦੀਆਂ ਦੁਕਾਨਾਂ ਵਲੋਂ ਨਿਵਾਸੀਆਂ ਨੂੰ ਨੀਵੀਂ ਗੁਣਵਤਾ ਵਾਲਾ ਰਾਸ਼ਣ ਸਪਲਾਈ ਕਰਨ ਅਤੇ ਹਸਪਤਾਲਾਂ ਵਲੋਂ ਨੀਵੀਂ ਪੱਧਰ ਦੀ ਸੇਹਤ ਸੇਵਾ ਪ੍ਰਦਾਨ ਕੀਤੇ ਜਾਣ ਵਾਸਤੇ ਸਰਕਾਰ ਦੀ ਨਿਖੇਧੀ ਕੀਤੀ। ਉਸਨੇ ਦੱਸਿਆ ਕਿ ਲੋਕ ਰਾਜ ਸੰਗਠਨ ਦੀ ਸੰਮਤੀ ਵਿਚ ਜਥੇਬੰਦ ਹੋ ਕੇ ਹੀ ਉਹ ਆਪਣੀ ਸਥਿਤੀ ਵਿਚ ਸੁਧਾਰ ਲਿਆ ਸਕਦੇ ਹਨ।

ਪੁਰੋਗਾਮੀ ਮਹਿਲਾ ਸੰਗਠਨ ਦੀ ਕਾਮਰੇਡ ਅਨੁ ਨੇ ਪੂਰੀ ਦੁਨੀਆਂ ਦੀਆਂ ਬਹਾਦਰ ਔਰਤਾਂ ਨੂੰ ਸਲਾਮ ਕੀਤਾ ਜੋ ਇਕਮੁੱਠ ਹੋ ਕੇ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾ ਰਹੀਆਂ ਹਨ। ਉਸ ਨੇ ਸੌ ਸਾਲ ਤੋਂ

ਬਾਕੀ ਸਫਾ 13 'ਤੇ

## ਮਹਿਲਾ ਦਿਵਸ, ਦਿੱਲੀ ...

ਸਫਾ 11 ਦੀ ਬਾਕੀ

ਇੱਕ ਇਨਕਲਾਬੀ ਕਮਿਉਨਿਸਟ ਔਰਤ ਕਲਾਰਾ ਜੈਨਕਿਨ ਦੀਆਂ ਕੋਸ਼ਿਸ਼ਾਂ ਨਾਲ ਹੋਈ ਸੀ।

ਬੁਲਾਰਿਆਂ ਨੇ ਕਿਹਾ ਕਿ ਸੱਭ ਔਰਤਾਂ ਨੂੰ ਉਦਾਰੀਕਰਣ, ਨਿੱਜੀਕਰਣ ਅਤੇ ਭੂਮੰਡਲੀਕਰਣ ਦੀਆਂ ਨੀਤੀਆਂ ਦੇ ਕਾਰਨ ਵਧ ਰਹੀ ਬੇਰੁਜ਼ਗਾਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸਦੀ ਵਜ੍ਹਾ ਨਾਲ ਬਹੁਤ ਸਾਰੇ ਲੋਕ ਆਪਣੇ ਬੱਚਿਆਂ ਨੂੰ ਉਚਿਤ ਸਿੱਖਿਆ ਨਹੀਂ ਦੇ ਸਕਦੇ ਅਤੇ ਤੰਦਰੁਸਤ ਨਹੀਂ ਰੱਖ ਸਕਦੇ।

ਬੁਲਾਰਿਆਂ ਦੇ ਸੰਬੋਧਨ ਤੋਂ ਬਾਅਦ ਨੌਜਵਾਨ ਲੜਕੀਆਂ ਨੇ ਆਪਣੇ ਨਾਟਕ ਰਾਹੀਂ ਕੰਨਿਆਂ ਭਰੂਣ ਹੱਤਿਆ ਦਾ ਵਿਸ਼ਾ ਉਠਾਇਆ। ਇੱਕ ਹੋਰ ਨਾਟਕ ਵਿਚ ਦਿਖਾਇਆ ਗਿਆ ਕਿ ਕਿਸ ਤਰ੍ਹਾਂ ਔਰਤਾਂ ਨੂੰ ਨਿਤ ਦਿਨ ਅਪਮਾਨ ਅਤੇ ਛੇੜ-ਛਾੜ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਸਰਕਾਰ ਇਸਦਾ ਕੋਈ ਹੱਲ ਨਹੀਂ ਕਰਦੀ।

ਔਰਤਾਂ ਨੂੰ ਸੱਭ ਮੇਹਨਤਕਸ਼ਾਂ ਨਾਲ ਏਕਤਾ ਕਰਕੇ, ਆਪਣੇ ਅਧਿਕਾਰਾਂ ਵਾਸਤੇ, ਸੱਤਾ ਦੇ ਖਿਲਾਫ ਡਟ ਕੇ ਸੰਘਰਸ਼ ਕਰਨਾ ਚਾਹੀਦਾ ਹੈ -- ਇਹ ਸੰਕਲਪ ਪੇਸ਼ ਕਰਦਾ ਇੱਕ ਮਤਾ ਪੇਸ਼ ਕੀਤਾ ਗਿਆ, ਜਿਸ ਨੂੰ ਸਰਬਸੰਮਤੀ ਨਾਲ ਸਵੀਕਾਰ ਕੀਤਾ ਗਿਆ। ਇਸ ਮਤਾ ਪਾਸ ਹੋਣ ਦੇ ਨਾਲ ਮਹਿਲਾ ਦਿਵਸ ਸਭਾ ਦੀ ਸਮਾਪਤੀ ਹੋਈ। ■

# ਮੁੰਬਈ ਵਿਚ ਕਾਮਗਾਰ ਏਕਤਾ ਕਮੇਟੀ ਦਾ ਅਜਲਾਸ

ਮੁੰਬਈ ਵਿਚ ਐਤਵਾਰ, 2 ਮਾਰਚ, 2014 ਨੂੰ ਕਾਮਗਾਰ ਏਕਤਾ ਕਮੇਟੀ ਦਾ ਅਜਲਾਸ ਹੋਇਆ। ਮਜ਼ਦੂਰ ਵਰਗ ਅੰਦੋਲਨ, ਔਰਤਾਂ ਅਤੇ ਨੌਜਵਾਨ ਅੰਦੋਲਨ ਦੇ ਕਾਰਜਕਰਤਾਵਾਂ ਨੇ ਜੋਸ਼ ਨਾਲ ਇਸ ਅਜਲਾਸ ਵਿਚ ਹਿੱਸਾ ਲਿਆ।

ਕਾਮਗਾਰ ਏਕਤਾ ਕਮੇਟੀ ਵੱਲੋਂ ਕਾਮਰੇਡ ਮੈਥੀਊ ਨੇ ਅਗਲੀਆਂ ਚੋਣਾਂ ਵਿਚ ਪੂੰਜੀਪਤੀਆਂ ਦੀਆਂ ਪਾਰਟੀਆਂ ਨੂੰ ਚੁਣੌਤੀ ਦੇਣ ਲਈ ਮਜ਼ਦੂਰ ਵਰਗ ਨੂੰ ਲੈਸ ਕਰਨ ਦੇ ਇੱਕ ਪ੍ਰੋਗਰਾਮ 'ਤੇ ਵਿਸਤਾਰਪੂਰਵਕ ਗੱਲ ਕੀਤੀ।

ਉਨ੍ਹਾਂ ਨੇ ਕਿਹਾ ਕਿ ਕੇਂਦਰ ਵਿਚ ਚਾਹੇ ਕੋਈ ਵੀ ਸਰਕਾਰ ਰਹੀ ਹੋਵੇ, ਕਾਂਗਰਸ ਪਾਰਟੀ ਦੀ ਜਾਂ ਭਾਜਪਾ ਦੀ, ਉਸ ਨੇ ਹਿੰਦੁਸਤਾਨ ਦੇ ਪੂੰਜੀਪਤੀ ਵਰਗ ਨੂੰ ਬੀਤੇ 20 ਵਰ੍ਹਿਆਂ ਦੌਰਾਨ, ਉਦਾਰੀਕਰਣ ਅਤੇ ਨਿੱਜੀਕਰਣ ਦੇ ਪ੍ਰੋਗਰਾਮ ਦੇ ਲਾਗੂ ਹੋਣ ਸਮੇਂ ਤੋਂ, ਬੇਸ਼ੁਮਾਰ ਧਨ ਕਮਾਉਣ ਵਿਚ ਮੱਦਦ ਕੀਤੀ ਹੈ।

ਇਸ ਨੂੰ ਹਾਸਲ ਕਰਨ ਲਈ ਠੇਕਾ ਮਜ਼ਦੂਰੀ ਦਾ ਜ਼ਿਆਦਾ ਤੋਂ ਜ਼ਿਆਦਾ ਇਸਤੇਮਾਲ ਕੀਤਾ ਗਿਆ ਹੈ, ਹਰ ਰੋਜ਼ ਅੱਠ ਘੰਟੇ ਤੋਂ ਜ਼ਿਆਦਾ ਕੰਮ ਕਰਵਾਇਆ ਗਿਆ ਹੈ ਅਤੇ ਦੇਸ਼ ਦੇ ਸਾਧਨਾਂ, ਚਾਹੇ ਸਮੁੰਦਰ ਦੇ ਹੇਠਾਂ ਹੋਵੇ ਜਾਂ ਜ਼ਮੀਨ 'ਤੇ ਜਾਂ ਹਵਾ ਵਿਚ (ਸਪੈਕਟ੍ਰਮ), ਨੂੰ ਬਹੁਤ ਜ਼ਿਆਦਾ ਲੁੱਟਿਆ ਗਿਆ ਹੈ।

ਦੇਸ਼ ਦੇ ਸਾਰੇ ਪੀੜਤ ਲੋਕਾਂ, ਮਜ਼ਦੂਰਾਂ, ਔਰਤਾਂ, ਕਿਸਾਨਾਂ, ਨੌਜਵਾਨਾਂ, ਦਲਿਤਾਂ, ਆਦਿਵਾਸੀਆਂ, ਧਾਰਮਿਕ ਘੱਟ ਗਿਣਤੀਆਂ ਅਤੇ ਦੱਬੀਆਂ-ਕੁਚਲੀਆਂ ਰਾਸ਼ਟਰੀਅਤਾਵਾਂ ਦੇ ਲੋਕਾਂ, ਦੀਆਂ ਅਨੇਕਾਂ ਮੁਸ਼ਕਿਲਾਂ ਦੀ ਵਜ੍ਹਾ, ਪੂੰਜੀਪਤੀ ਵਰਗ ਦਾ ਸ਼ਾਸਨ ਹੈ। ਉਨ੍ਹਾਂ ਨੇ

ਬਾਕੀ ਸਫਾ 14 'ਤੇ

## ਮਹਿਲਾ ਦਿਵਸ ਵਰਲੀ, ਮੁੰਬਈ ...

ਸਫਾ 12 ਦੀ ਬਾਕੀ

ਭੀ ਪਹਿਲਾਂ ਤੋਂ ਮਨਾਏ ਜਾਣ ਵਾਲੇ ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਇਤਿਹਾਸ ਅਤੇ ਸੰਘਰਸ਼ ਬਾਰੇ ਸੰਖੇਪ ਵਿਚ ਗੱਲਬਾਤ ਕੀਤੀ। ਕਾਮਰੇਡ ਸੁਸ਼ੀਲਾ ਅਤੇ ਸ਼ਾਰਦਾ ਨੇ ਔਰਤਾਂ ਉਤੇ ਹੋ ਰਹੀ ਹਿੰਸਾ ਵਾਸਤੇ ਜ਼ਿਮੇਵਾਰ ਵਿਅਕਤੀਆਂ ਨੂੰ ਸਜ਼ਾਵਾਂ ਦੁਆਉਣ ਵਾਸਤੇ ਲੋਕਾਂ ਨੂੰ ਜਥੇਬੰਦ ਹੋਣ ਦੀ ਜ਼ਰੂਰਤ ਉਤੇ ਜ਼ੋਰ ਦਿੱਤਾ। ਉਨ੍ਹਾਂ ਨੇ ਔਰਤਾਂ ਉਤੇ ਹੋ ਰਹੇ ਅਨਿਆਂ ਉਪਰ ਇੱਕ ਕਵਿਤਾ ਵੀ ਸੁਣਾਈ।

ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ ਦੇ ਪ੍ਰਤੀਨਿਧ ਨੇ ਵਰਲੀ ਦੀਆਂ ਔਰਤਾਂ ਵਲੋਂ ਪਿਛਲੇ 20 ਸਾਲਾਂ ਤੋਂ ਲਗਾਤਾਰ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਏ ਜਾਣ ਵਾਸਤੇ ਉਨ੍ਹਾਂ ਨੂੰ ਵਧਾਈ ਦਿੱਤੀ। ਔਰਤਾਂ ਅਤੇ ਮਜ਼ਦੂਰਾਂ ਦੇ ਸਾਹਮਣੇ ਸਮੱਸਿਆਵਾਂ ਵਿਚ ਪ੍ਰਮੁੱਖ ਸਮੱਸਿਆ ਸਰਮਾਏਦਾਰਾ ਜਮਾਤ ਦਾ ਰਾਜ ਹੈ। ਹਿੰਦੋਸਤਾਨ ਦੀ ਅਬਾਦੀ ਦਾ ਮੁੱਠੀਭਰ ਭਾਗ, ਕੇਂਦਰ ਅਤੇ ਪ੍ਰਾਂਤਾਂ ਦੀਆਂ ਸਰਕਾਰਾਂ ਨੂੰ ਆਪਣੇ ਹਿੱਤਾਂ ਵਾਸਤੇ ਚਲਾਉਂਦਾ ਹੈ ਅਤੇ ਆਪਣੇ ਵਾਸਤੇ ਅਥਾਹ ਮੁਨਾਫੇ ਬਣਾਉਂਦਾ ਹੈ। ਉਸ ਨੇ ਦੱਸਿਆ ਕਿ ਇਥੋਂ ਨਜ਼ਦੀਕ ਹੀ ਇੱਕ ਅਜੇਹੇ ਹੀ ਸਰਮਾਏਦਾਰ ਦਾ 60 ਮੰਜ਼ਿਲਾ ਘਰ ਹੈ ਜਿਸ ਵਿਚ 300 ਕਾਰਾਂ ਖੜੀਆਂ ਕਰਨ ਦੀ ਜਗ੍ਹਾ ਹੈ। ਸਰਕਾਰ ਦੀ ਸਖਤ ਨਿੰਦਿਆਂ ਕਰਦਿਆਂ ਉਸਨੇ ਕਿਹਾ ਕਿ ਸਰਕਾਰ ਅੱਛੀ ਗੁਣਵਤਾ ਵਾਲਾ ਅਨਾਜ ਪ੍ਰਾਪਤ ਕਰਨ ਵਾਸਤੇ ਵੀ ਲੋਕਾਂ ਨੂੰ ਸੰਘਰਸ਼ ਕਰਨ 'ਤੇ ਮਜ਼ਬੂਰ ਕਰ ਰਹੀ ਹੈ। ਉਸ ਨੇ ਉਥੇ ਹਾਜ਼ਰ ਲੋਕਾਂ ਨੂੰ ਸਵਾਲ ਕੀਤਾ ਕਿ ਕੀ ਉਨ੍ਹਾਂ ਨੂੰ ਅਜੇਹਾ ਲੱਗਦਾ ਹੈ ਕਿ ਚੋਣਾਂ ਤੋਂ ਬਾਅਦ ਉਨ੍ਹਾਂ ਦੀ ਜ਼ਿੰਦਗੀ ਵਿਚ ਕੋਈ ਸੁਧਾਰ ਹੋਵੇਗਾ? ਸ੍ਰਭ ਨੇ ਨਾਂਹ ਵਿਚ ਜਵਾਬ ਦਿੱਤਾ। ਉਸਨੇ ਦੱਸਿਆ ਕਿ ਚੁਣਾਵਾਂ ਨਾਲ ਸਿਰਫ ਸਰਕਾਰ ਬਦਲੇਗੀ ਪਰ ਹਾਲਾਤ ਵਿਚ ਕੋਈ ਤਬਦੀਲੀ ਨਹੀਂ ਆਏਗੀ। ਸਾਨੂੰ ਆਪਣੇ ਜੀਵਨ ਵਿਚ ਤਬਦੀਲੀ ਵਾਸਤੇ ਇੱਕ ਨਵੇਂ ਢਾਂਚੇ ਦੀ ਜ਼ਰੂਰਤ ਹੈ - ਇੱਕ ਸਮਾਜਵਾਦੀ ਢਾਂਚੇ ਦੀ। ਉਤਪਾਦਨ ਦੇ ਸਾਧਨਾਂ ਉਤੇ ਨਿੱਜੀ ਮਾਲਕੀ ਨਹੀਂ ਹੋਣੀ ਚਾਹੀਦੀ, ਬਲਕਿ ਉਨ੍ਹਾਂ ਉਤੇ ਸਮੁੱਚੇ ਸਮਾਜ ਦੀ ਮਾਲਕੀ ਹੋਣੀ ਚਾਹੀਦੀ ਹੈ। ਉਸ ਨੇ ਵਰਲੀ ਦੀਆਂ ਔਰਤਾਂ ਨੂੰ ਆਪਣੇ ਇਲਾਕੇ ਵਿਚ ਸਮਤੀਆਂ ਬਣਾਉਣ ਵਾਸਤੇ ਸਲਾਮ ਕੀਤਾ ਅਤੇ ਇਨ੍ਹਾਂ ਨੂੰ ਮਜ਼ਬੂਤ ਕਰਨ ਵਾਸਤੇ ਸੱਦਾ ਦਿੱਤਾ।

ਕਾਮਰੇਡ ਨਿਰਮਲਾ ਨੇ ਮੁੰਬਈ ਦੀਆਂ ਮਿੱਲਾਂ ਨੂੰ ਬੰਦ ਕਰਨ ਦੀ ਇਜਾਜ਼ਤ ਦੇਣ ਵਾਸਤੇ, ਮਹਿੰਗਾਈ ਵਧਣ ਅਤੇ ਪੜ੍ਹਾਈ ਉਤੇ ਖਰਚੇ ਵਧਣ ਵਾਸਤੇ ਸਰਕਾਰ ਦੀ ਨਿੰਦਿਆ ਕੀਤੀ। ਉਸ ਨੇ ਕਿਹਾ ਕਿ ਗਰੀਬ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਜਾਣਾ ਪੈਂਦਾ ਹੈ, ਜਿਥੇ ਅਧਿਆਪਕ ਹੀ ਨਹੀਂ ਹੁੰਦੇ। ਫੇਰ ਉਹ ਦੂਸਰੇ ਬੱਚਿਆਂ ਦਾ ਮੁਕਾਬਲਾ ਕਿਵੇਂ ਕਰ ਸਕਦੇ ਹਨ, ਜਿਨ੍ਹਾਂ ਕੋਲ ਪੜ੍ਹਾਈ ਦੇ ਅੱਛੇ ਸਾਧਨ ਹਨ।

ਕਾਮਗਰ ਏਕਤਾ ਕਮੇਟੀ ਦੇ ਕਾਮਰੇਡ ਮੈਥਿਊ ਨੇ ਐਲਾਨ ਕੀਤਾ ਕਿ ਜਦੋਂ ਹਿੰਦੋਸਤਾਨ ਅਜ਼ਾਦ ਹੋਇਆ ਸੀ ਉਦੋਂ ਮਹਾਤਮਾ ਗਾਂਧੀ ਨੇ ਕਿਹਾ ਸੀ ਕਿ ਨਵਾਂ ਸ਼ਾਸਕ ਇੱਕ ਅਜੇਹਾ ਹਿੰਦੋਸਤਾਨ ਬਣਾਏਗਾ ਜਿਥੇ ਕਿਸੇ ਵੀ ਬੱਚੇ ਦੀਆਂ ਅੱਖਾਂ ਵਿਚ ਹੰਝੂ ਨਹੀਂ ਹੋਣਗੇ। ਲੇਕਿਨ 67 ਸਾਲਾਂ ਤੋਂ ਬਾਅਦ ਵੀ, ਬੱਚਿਆਂ, ਔਰਤਾਂ ਅਤੇ ਦੱਬੇ-ਕੁਚਲੇ ਲੋਕਾਂ ਦੀਆਂ ਅੱਖਾਂ ਵਿਚੋਂ ਹੰਝੂਆਂ ਦੀ ਬਰਸਾਤ ਬੰਦ ਨਹੀਂ ਹੋਈ। ਅੱਜ ਸਾਡੇ ਦੇਸ਼ ਵਿਚ ਹਰ 20 ਮਿੰਟਾਂ ਵਿਚ ਇੱਕ ਔਰਤ ਦਾ ਬਲਾਤਕਾਰ ਹੁੰਦਾ ਹੈ। ਸਰਮਾਏਦਾਰ ਜਮਾਤ ਦੇ 67 ਸਾਲਾਂ ਦੇ ਰਾਜ ਬਾਅਦ ਅੱਜ, ਇਸ ਆਦਮਖੋਰ ਢਾਂਚੇ ਨੂੰ ਉਖਾੜ ਕੇ ਸੁੱਟਣ ਵਾਸਤੇ, ਮਜ਼ਦੂਰ ਜਮਾਤ ਨੂੰ ਅੱਗੇ ਆਉਣ ਦੀ ਵਾਰੀ ਹੈ। ਉਸਨੇ ਕਿਹਾ ਕਿ ਮਜ਼ਦੂਰ ਜਮਾਤ, ਆਪਣਾ ਸ਼ਾਸਣ ਸਥਾਪਤ ਕਰਕੇ, ਕਿਸਾਨਾਂ ਅਤੇ ਸੱਭ ਲੁੱਟੀਂਦੇ ਅਤੇ ਦੱਬੇ ਕੁਚਲੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰ ਸਕਦੀ ਹੈ। ਮਜ਼ਦੂਰਾਂ ਅਤੇ ਕਿਸਾਨਾਂ ਦਾ ਸ਼ਾਸਣ ਔਰਤਾਂ ਉਤੇ ਹਿੰਸਾ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਸਖਤ ਤੋਂ ਸਖਤ ਸਜ਼ਾ ਦੇਵੇਗਾ।

ਕਾਮਰੇਡ ਲਾਵਣ ਨੇ ਯਾਦ ਦੁਆਇਆ ਕਿ ਜਦੋਂ ਮਿੱਲਾਂ ਬੰਦ ਕਰ ਦਿੱਤੀਆਂ ਗਈਆਂ ਸਨ ਤਾਂ ਮਜ਼ਦੂਰਾਂ ਨੂੰ ਬਹੁਤ ਘੱਟ ਵੇਤਨ ਉਤੇ ਕੰਮ ਕਰਨ ਤੇ ਮਜਬੂਰ ਹੋਣਾ ਪਿਆ ਸੀ ਅਤੇ ਘਰ ਦੀ ਆਈ ਚਲਾਈ ਕਰਨ ਵਾਸਤੇ ਔਰਤਾਂ ਨੂੰ ਵੀ ਘਰੋਂ ਬਾਹਰ ਕੰਮ ਕਰਨਾ ਜ਼ਰੂਰੀ ਬਣ ਗਿਆ ਸੀ। ਕਾਮਰੇਡ ਦੀਪਣ ਗਾਵਣਕਾਰ, ਜੋ ਇੱਕ ਨੌਜਵਾਨ ਡਾਕ ਮਜ਼ਦੂਰ ਹੈ, ਉਸਨੇ ਇਸ ਸਭਾ ਵਿਚ ਹਾਜ਼ਰ ਔਰਤਾਂ ਦੇ ਉਤਸ਼ਾਹ ਅਤੇ ਹਿੰਮਤ ਦੀ ਸਿਫਤ ਕੀਤੀ। ਲੜਾਕੂ ਗਾਰਮੈਂਟ ਕਾਮਗਾਰ ਮਜ਼ਦੂਰ ਯੂਨੀਅਨ (ਐਲ.ਜੀ.ਕੇ.ਯੂ.) ਦੇ ਨੇਤਾ ਕਾਮਰੇਡ ਸ਼ੇਖਰ ਕਪੂਰੇ ਕਿਹਾ ਕਿ ਉੱਚ ਗੁਣਵਤਾ ਵਾਲਾ ਰਾਸ਼ਣ ਸਭਨਾਂ ਦਾ ਅਧਿਕਾਰ ਹੈ। ਅਗਰ ਔਰਤਾਂ ਆਪਣੀ ਏਕਤਾ ਕਾਇਮ ਰੱਖਦੀਆਂ ਹਨ ਤਾਂ ਉਨ੍ਹਾਂ ਨੂੰ ਨਿਸ਼ਚੇ ਹੀ ਇਹ ਹਾਸਲ ਹੋਵੇਗਾ। ਉਸਨੇ ਜ਼ੋਰ ਦਿੱਤਾ ਕਿ ਹਰ ਇੱਕ ਚਾਲ ਦੇ ਲੋਕਾਂ ਨੂੰ ਇਕਮੁੱਠ ਕਰਨਾ ਪਏਗਾ ਕਿਉਂਕਿ ਆਪਣੀ ਸਫਲਤਾ ਵਾਸਤੇ ਗਿਣਤੀ ਤੋਂ ਮਜ਼ਬੂਤੀ ਮਿਲਦੀ ਹੈ। ਕਾਮਰੇਡ ਸ਼ਾਰਧਾ ਨੇ ਬੁਲਾਵਾ ਦਿੱਤਾ ਕਿ ਵਰਲੀ ਦੇ ਲੋਕਾਂ ਨੂੰ ਅੱਜ ਲੋਕ ਰਾਜ ਸੰਗਠਨ ਵਿਚ ਵੱਡੀ ਗਿਣਤੀ ਵਿਚ ਸ਼ਾਮਲ ਹੋਣਾ ਚਾਹੀਦਾ ਹੈ ਅਤੇ ਉਸ ਨੂੰ ਆਪਣੇ ਖੁਦ ਦੇ ਸੰਗਠਨ ਦੇ ਰੂਪ ਵਿਚ ਬਣਾਉਣਾ ਚਾਹੀਦਾ ਹੈ।

ਇਸ ਪ੍ਰੋਗਰਾਮ ਦਾ ਮਹੱਤਵ ਕਿਸੇ ਤੋਂ ਛੁਪਿਆ ਨਹੀਂ ਸੀ ਹੋਇਆ -- ਵਰਲੀ ਦੀਆਂ ਮੇਹਨਤਕਸ਼ ਔਰਤਾਂ ਅਤੇ ਲੜਕੀਆਂ ਨੇ ਆਪਣੇ ਅਧਿਕਾਰਾਂ ਵਾਸਤੇ ਸੰਘਰਸ਼ ਨੂੰ ਆਪਣੇ ਹੱਥਾਂ ਵਿਚ ਲੈ ਲਿਆ ਸੀ। ਪ੍ਰੋਗਰਾਮ ਦੇ ਅਖੀਰ ਵਿਚ ਵਰਲੀ ਬੀ.ਡੀ.ਡੀ. ਚਾਅਲ ਦੀਆਂ ਮੁਟਿਆਰਾਂ ਨੇ ਇੱਕ ਰੰਗਾ ਰੰਗ ਸੱਭਿਆਚਾਰ ਪ੍ਰੋਗਰਾਮ ਪੇਸ਼ ਕੀਤਾ। ■

## ਕਾਮਗਾਰ ਏਕਤਾ ਕਮੇਟੀ ...

ਸਫਾ 13 ਦੀ ਬਾਕੀ

ਕਿਹਾ ਕਿ ਸਿਰਫ਼ ਮਜ਼ਦੂਰ ਵਰਗ ਹੀ ਸਾਰੇ ਪੀੜਤ ਲੋਕਾਂ ਦੀ ਸਹਾਇਤਾ ਕਰਨ ਅਤੇ ਇਨਸਾਨ ਵੱਲੋਂ ਇਨਸਾਨ ਦੇ ਸ਼ੋਸ਼ਣ ਨੂੰ ਖਤਮ ਕਰਨ ਵਿਚ ਵਿਵਹਾਰਕ ਤੌਰ 'ਤੇ ਦਿਲਚਸਪੀ ਰੱਖਦਾ ਹੈ।

ਉਨ੍ਹਾਂ ਨੇ ਕਿਹਾ ਕਿ ਮਜ਼ਦੂਰ ਵਰਗ ਇਹ ਯਕੀਨੀ ਕਰਨ ਲਈ ਵਚਨਬੱਧ ਹੈ ਕਿ ਠੇਕੇਦਾਰੀ ਪ੍ਰਥਾ ਨੂੰ ਖਤਮ ਕੀਤਾ ਜਾਵੇਗਾ, ਮਜ਼ਦੂਰਾਂ ਦੇ ਪਰਿਵਾਰਾਂ ਦੀਆਂ ਸਾਰੀਆਂ ਮਨੁੱਖੀ ਜ਼ਰੂਰਤਾਂ ਨੂੰ ਪੂਰਾ ਕਰਨ ਲਾਇਕ ਤਨਖਾਹ ਲਾਗੂ ਕੀਤੀ ਜਾਵੇਗੀ, ਕੰਮ ਦੇ ਘੰਟਿਆਂ ਨੂੰ ਹਰ ਰੋਜ਼ ਜ਼ਿਆਦਾ ਤੋਂ ਜ਼ਿਆਦਾ 8 ਘੰਟਿਆਂ ਤੱਕ ਸੀਮਤ ਕੀਤਾ ਜਾਵੇਗਾ, ਇਕੋ ਕੰਮ ਲਈ ਔਰਤਾਂ ਅਤੇ ਮਰਦਾਂ ਦਾ ਇਕੋ ਜਿਹਾ ਮਿਹਨਤਾਨਾ ਯਕੀਨੀ ਬਣਾਇਆ ਜਾਵੇਗਾ, ਕਿਸੇ ਔਰਤ ਦੇ ਨਾਲ ਬੁਰਾ ਵਿਵਹਾਰ ਜਾਂ ਮਾੜਾ ਕੰਮ ਕਰਨ ਵਾਲਿਆਂ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇਗੀ, ਕਿਸਾਨਾਂ ਨੂੰ ਲਾਭਦਾਇਕ ਕੀਮਤ ਮਿਲੇਗੀ, ਵਿਚੋਲਿਆਂ ਨੂੰ ਦੂਰ ਕਰਕੇ ਇੱਕ ਸਰਬਵਿਆਪੀ ਸਰਬਜਨਕ ਵੰਡ ਵਿਵਸਥਾ ਸਥਾਪਿਤ ਕੀਤੀ ਜਾਵੇਗੀ, ਮਿਹਨਤਕਸ਼ਾਂ ਨੂੰ ਆਪਸ ਵਿਚ ਲੜਾਉਣ ਲਈ ਪੂੰਜੀਪਤੀ ਵਰਗ ਵੱਲੋਂ ਬਰਕਰਾਰ ਰੱਖੀ ਗਈ ਸਦੀਆਂ ਪੁਰਾਣੀ ਜਾਤੀ ਪ੍ਰਥਾ ਨੂੰ ਖਤਮ ਕੀਤਾ ਜਾਵੇਗਾ, ਧਰਮ ਦੇ ਆਧਾਰ 'ਤੇ ਨਫਰਤ ਭੜਕਾਉਣ ਵਾਲਿਆਂ ਨੂੰ ਸਖਤ ਸਜ਼ਾ ਦਿੱਤੀ ਜਾਵੇਗੀ ਅਤੇ ਕਿਸੇ ਵੀ ਰਾਸ਼ਟਰ ਜਾਂ ਰਾਸ਼ਟਰੀਅਤਾ ਨੂੰ ਜੇਕਰ ਉਹ ਚਾਹੁਣ ਤਾਂ ਹਿੰਦੁਸਤਾਨੀ ਸੰਘ ਤੋਂ ਅਲੱਗ ਹੋਣ ਦੀ ਪੂਰੀ ਆਜ਼ਾਦੀ ਦਿੱਤੀ ਜਾਵੇਗੀ।

ਉਨ੍ਹਾਂ ਨੇ ਮਜ਼ਦੂਰ ਵਰਗ ਦੇ ਸਾਰੇ ਕਾਰਜਕਰਤਾਵਾਂ ਨੂੰ ਸੱਦਾ ਦਿੱਤਾ ਕਿ ਮਜ਼ਦੂਰ ਵਰਗ ਦੇ ਇਸ ਦ੍ਰਿਸ਼ਟੀਕੋਣ ਅਤੇ ਪ੍ਰੋਗਰਾਮ ਨੂੰ ਦੂਰ-ਦੂਰ ਤੱਕ ਮਜ਼ਦੂਰਾਂ ਦੇ ਵਿਚ ਲੈ ਕੇ ਜਾਣ, ਰੇਲਵੇ ਕਾਲੋਨੀਆਂ, ਡਾਕ ਅਤੇ ਟੈਲੀਕਾਮ ਮਜ਼ਦੂਰਾਂ ਦੀਆਂ ਕਾਲੋਨੀਆਂ ਵਿਚ ਹਵਾਈ ਜਹਾਜ਼ ਕਰਮਚਾਰੀਆਂ, ਖਾਣ ਮਜ਼ਦੂਰਾਂ, ਆਦਿ ਵਿਚ।

ਹਿੰਦੁਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਦੇ ਪ੍ਰਤੀਨਿਧੀ ਨੇ ਮਜ਼ਦੂਰ ਕੌਣ ਹਨ, ਇਸ 'ਤੇ ਵਿਸਤਾਰ ਸਹਿਤ ਦੱਸਿਆ ਕਿ ਉਹ ਸਾਰੇ ਜੋ ਉਤਪਾਦਨ ਦੇ ਸਾਧਨਾਂ ਦੇ ਮਾਲਿਕ ਨਹੀਂ ਹਨ ਅਤੇ ਆਪਣੀ ਮਜ਼ਦੂਰੀ ਵੇਚ ਕੇ ਤਨਖਾਹ ਕਮਾਉਂਦੇ ਹਨ, ਉਹ ਸੱਭ ਮਜ਼ਦੂਰ ਹਨ, ਚਾਹੇ 4-5 ਲੱਖ ਰੁਪਏ ਕਮਾਉਣ ਵਾਲਾ ਜਹਾਜ਼ ਚਾਲਕ ਹੋਵੇ ਜਾਂ ਪ੍ਰਤੀ ਮਹੀਨਾ 5 ਹਜ਼ਾਰ ਰੁਪਏ ਕਮਾਉਣ ਵਾਲਾ ਸਫਾਈ ਕਰਮਚਾਰੀ ਹੋਵੇ। ਉਨ੍ਹਾਂ ਨੇ ਕਿਹਾ ਕਿ ਪੂੰਜੀਪਤੀ ਵਰਗ ਚੰਗੀ ਤਰ੍ਹਾਂ ਜਾਣਦਾ ਹੈ ਕਿ ਮਜ਼ਦੂਰ ਵਰਗ ਹੀ ਉਸਦੀ ਕਬਰ ਪੁੱਟਣ ਵਾਲਾ ਵਰਗ ਹੈ, ਇਸ ਲਈ ਮਜ਼ਦੂਰ ਵਰਗ ਨੂੰ ਕਮਜ਼ੋਰ ਕਰਨ ਲਈ ਪੂੰਜੀਪਤੀ ਇਹ ਝੂਠਾ ਪ੍ਰਚਾਰ ਕਰਦੇ ਹਨ ਕਿ ਸਿਰਫ਼ ਉਹ ਹੀ ਮਜ਼ਦੂਰ ਹਨ ਜੋ ਸ਼ਰੀਰਕ ਮਜ਼ਦੂਰੀ ਕਰਦੇ ਹਨ। ਉਨ੍ਹਾਂ ਨੇ ਮਜ਼ਦੂਰ ਵਰਗ ਨੂੰ ਨਵਾਂ ਸਮਾਜ ਬਣਾਉਣ ਦੇ ਸੰਘਰਸ਼ ਵਿਚ ਅਗਵਾਈ ਦੇਣ ਦੇ ਆਪਣੇ ਇਤਿਹਾਸਕ ਫਰਜ਼ ਨੂੰ ਪੂਰਾ ਕਰਨ ਦਾ ਸੱਦਾ ਦਿੱਤਾ।

ਲੜਾਕੂ ਗਾਰਮੈਂਟ ਕਾਮਗਾਰ ਯੂਨੀਅਨ ਦੇ ਕਾਮਰੇਡ ਕਾਪੂਰੇ ਨੇ ਸਮਝਾਇਆ ਕਿ ਮੁੰਬਈ ਵਿਚ ਸਰਕਾਰੀ ਐਨ.ਟੀ.ਸੀ. ਮਿਲ ਦੇ ਮਾਲਿਕ ਨਿੱਜੀ ਪੂੰਜੀਪਤੀਆਂ ਦੇ ਨਾਲ ਮਿਲ ਕੇ ਮਜ਼ਦੂਰਾਂ ਦਾ ਸ਼ੋਸ਼ਣ ਕਰ ਰਹੇ ਹਨ। ਮਿਸਾਲ ਦੇ ਤੌਰ 'ਤੇ, ਇੰਡੀਆ ਯੂਨਾਈਟਿਡ ਮਿਲਸ ਨਾਮੀ ਐਨ.ਟੀ.ਸੀ. ਮਿਲ ਨੇ ਭਾਸਕਰ ਇੰਡਸਟ੍ਰੀਜ਼ ਦੇ ਨਾਲ 51 ਅਨੁਪਾਤ 49 ਦੀ ਸਾਂਝੇਦਾਰੀ ਕੀਤੀ ਹੈ ਅਤੇ ਨਿਰਯਾਤ ਦੇ ਲਈ ਕੱਪੜਾ ਉਤਪਾਦਨ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਉਹ ਦਿਖਾ ਰਹੇ ਹਨ ਕਿ ਮਿਲ ਅਜੇ ਵੀ ਚੱਲ ਰਹੀ ਹੈ। ਭਾਸਕਰ ਇੰਡਸਟ੍ਰੀਜ਼ ਨੇ ਸਾਰੇ ਕਾਨੂੰਨਾਂ ਦਾ ਘਾਣ ਕਰਕੇ, ਠੇਕੇਦਾਰਾਂ ਦੇ ਫਰਜ਼ੀ ਨਾਵਾਂ ਦਾ ਇਸਤੇਮਾਲ ਕਰਕੇ, ਲਗਭਗ 250 ਮਜ਼ਦੂਰਾਂ ਨੂੰ ਠੇਕੇ 'ਤੇ ਰੱਖਿਆ ਹੈ। ਕਾਮਰੇਡ ਕਾਪੂਰੇ ਨੇ ਕਿਹਾ ਕਿ ਯੂਨੀਅਨ ਨੇ ਪ੍ਰਬੰਧਨ ਦੇ ਇਨ੍ਹਾਂ ਸਾਰੇ ਬੁਰੇ ਕੰਮਾਂ ਦਾ ਖੁਲਾਸਾ ਕੀਤਾ ਹੈ, ਇਸ ਲਈ ਉਨ੍ਹਾਂ ਸਾਰੇ ਮਜ਼ਦੂਰਾਂ ਨੂੰ ਕੱਢ ਦਿੱਤਾ ਗਿਆ ਹੈ ਜੋ ਲੜਾਕੂ ਗਾਰਮੈਂਟ ਕਾਮਗਾਰ ਯੂਨੀਅਨ ਦੇ ਮੈਂਬਰ ਬਣੇ ਸਨ। ਉਨ੍ਹਾਂ ਨੇ ਕਿਹਾ ਕਿ ਯੂਨੀਅਨ ਵਿਚ ਫੈਸਲੇ ਲੈਣ ਵਿਚ ਸਾਰੇ ਮੈਂਬਰਾਂ ਦੀ ਹਿੱਸੇਦਾਰੀ ਯਕੀਨੀ ਬਣਾਉਣ ਅਤੇ ਨੇਤਾਵਾਂ ਨੂੰ ਜਵਾਬਦੇਹ ਠਹਿਰਾਉਣ ਦੇ ਲਈ ਕਈ ਕਦਮ ਪੁੱਟੇ ਗਏ ਹਨ। ਮਿਸਾਲ ਦੇ ਤੌਰ 'ਤੇ ਯੂਨੀਅਨ ਦੇ ਨੇਤਾਵਾਂ ਨੇ ਸਟੈਂਪ ਪੇਪਰ 'ਤੇ ਇਹ ਲਿਖ ਕੇ ਦਿੱਤਾ ਹੈ ਕਿ ਉਹ ਮੈਂਬਰਾਂ ਦੇ ਹਿੱਤ ਵਿਚ ਕੰਮ ਕਰਨਗੇ ਅਤੇ ਜੇਕਰ ਐਸਾ ਨਾ ਕੀਤਾ ਗਿਆ ਤਾਂ ਮੈਂਬਰਾਂ ਨੂੰ ਉਨ੍ਹਾਂ ਨੂੰ ਹਟਾਉਣ ਦਾ ਹੱਕ ਹੋਵੇਗਾ! ਕਮੇਟੀ ਦੇ ਹਰ ਮੈਂਬਰ ਨੂੰ ਯੂਨੀਅਨ ਦੇ ਕੁੱਝ ਮੈਂਬਰਾਂ ਦੇ ਨਾਲ ਲਗਾਤਾਰ ਸੰਪਰਕ ਬਣਾਈ ਰੱਖਣਾ ਪੈਂਦਾ ਹੈ ਅਤੇ ਉਨ੍ਹਾਂ ਦਾ ਉਤਸ਼ਾਹ ਬਣਾਈ ਰੱਖਣਾ ਪੈਂਦਾ ਹੈ, ਜਿਸ ਲਈ ਉਨ੍ਹਾਂ ਦੇ ਘਰਾਂ ਵਿਚ ਜਾ ਕੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਨਾਲ ਵੀ ਗੱਲ ਕਰਨੀ ਪੈਂਦੀ ਹੈ।

ਪੱਛਮੀ ਰੇਲਵੇ ਮੋਟਰਮੈਨ ਐਸੋਸੀਏਸ਼ਨ ਦੇ ਕਾਮਰੇਡ ਰੱਥ ਨੇ ਸਮਝਾਇਆ ਕਿ ਇੰਜਨ ਚਾਲਕਾਂ ਨੂੰ ਹਰ ਹਫਤੇ 48 ਘੰਟਿਆਂ ਤੋਂ ਜ਼ਿਆਦਾ ਕੰਮ ਕਰਨਾ ਪੈਂਦਾ ਹੈ, ਜਿਸ ਨਾਲ ਜਨਤਾ ਦੀ ਅਸੁਰੱਖਿਆ ਵਧਦੀ ਹੈ। ਉਨ੍ਹਾਂ ਨੇ ਇਸ ਮਜ਼ਦੂਰ-ਵਿਰੋਧੀ ਰਵੱਈਏ ਦੇ ਲਈ ਸਰਕਾਰ ਦੀ ਨਿੰਦਿਆ ਕੀਤੀ ਅਤੇ ਮਜ਼ਦੂਰ ਵਰਗ ਦੇ ਪ੍ਰੋਗਰਾਮ ਦਾ ਦੂਰ-ਦੂਰ ਤੱਕ ਪ੍ਰਚਾਰ ਕਰਨ ਦੇ ਪ੍ਰਸਤਾਵ ਦਾ ਸਮਰਥਨ ਕੀਤਾ। ਉਨ੍ਹਾਂ ਨੇ ਸਰੋਤਿਆਂ ਨੂੰ ਹਿਟਲਰ ਦੇ ਸ਼ਾਸਨ ਦੇ ਸਮੇਂ ਲਿਖੀ ਗਈ ਪ੍ਰਸਿੱਧ ਕਵਿਤਾ ਦੀ ਯਾਦ ਦਿਵਾਈ: "ਪਹਿਲਾਂ ਉਸਨੇ ਕਮਿਊਨਿਸਟਾਂ 'ਤੇ ਹਮਲਾ ਕੀਤਾ ਅਤੇ ਤਦ ਮੈਂ ਕੋਈ ਵਿਰੋਧ ਨਹੀਂ ਕੀਤਾ, ਨਾ ਹੀ ਕਿਸੇ ਹੋਰ ਨੇ। ਉਸ ਦੇ ਬਾਅਦ ਉਸਨੇ ਸਮਾਜਵਾਦੀਆਂ 'ਤੇ ਹਮਲਾ ਕੀਤਾ ਅਤੇ ਤਦ ਵੀ ਮੈਂ ਕੋਈ ਵਿਰੋਧ ਨਹੀਂ ਕੀਤਾ, ਨਾ ਹੀ ਕਿਸੇ ਹੋਰ ਨੇ। ਉਸ ਨੇ ਟ੍ਰੇਡ ਯੂਨੀਅਨ ਕਾਰਜਕਰਤਾਵਾਂ, ਫਿਰ ਯਹੂਦੀਆਂ, ਫਿਰ ਕੈਥਲਿਕ ਲੋਕਾਂ, ਆਦਿ 'ਤੇ ਹਮਲਾ ਕੀਤਾ ਅਤੇ ਅਖੀਰ ਵਿਚ ਉਸ ਨੇ ਮੇਰੇ ਵੱਲ ਕਦਮ ਵਧਾਇਆ, ਪਰ ਤਦ ਤਕ ਵਿਰੋਧ ਕਰਨ ਵਾਲਾ ਕੋਈ ਬਚਿਆ ਹੀ ਨਹੀਂ ਸੀ!"

ਏਅਰ ਇੰਡੀਆ ਸਰਵਿਸ ਇੰਜੀਨੀਅਰਸ ਐਸੋਸੀਏਸ਼ਨ ਦੇ ਮਹਾਸਚਿਵ, ਕਾਮਰੇਡ ਵਿਲਾਸ ਗਿਰੀਧਰ ਨੇ ਏਅਰ ਇੰਡੀਆ ਦੇ ਇੰਜੀਨੀਅਰਿੰਗ ਅਤੇ ਜ਼ਮੀਨੀ ਸੇਵਾ ਮਹਿਕਮਿਆਂ ਨੂੰ ਦੋ ਅਲੱਗ-ਅਲਗ ਹਿੱਸਿਆਂ ਵਿਚ ਵੰਡ ਦੇਣ ਲਈ ਸਰਕਾਰ ਦੀ ਨਿੰਦਿਆ ਕੀਤੀ। ਜਦ ਯੂਨੀਅਨਾਂ ਨੇ ਸੁਪਰੀਮ ਕੋਰਟ ਦੇ ਸਾਹਮਣੇ ਆਪਣੇ ਮਾਮਲੇ ਨੂੰ ਪੇਸ਼ ਕੀਤਾ ਤਾਂ ਕੋਰਟ ਨੇ ਸਰਕਾਰ ਦਾ ਸਮਰਥਨ ਕੀਤਾ ਅਤੇ ਕਿਹਾ ਕਿ ਜੇਕਰ ਮਜ਼ਦੂਰਾਂ ਦੀਆਂ ਕੰਮ ਦੀਆਂ ਸ਼ਰਤਾਂ ਦੀ ਰੱਖਿਆ ਕੀਤੀ ਜਾ ਰਹੀ ਹੈ ਤਾਂ ਉਨ੍ਹਾਂ ਦੀ ਕੀ ਮੁਸ਼ਕਿਲ ਹੈ? ਪਰ ਇਨ੍ਹਾਂ ਮਹਿਕਮਿਆਂ ਦੀ ਵੰਡ ਦੇ ਇੱਕ ਸਾਲ ਦੇ ਅੰਦਰ ਇੰਜੀਨੀਅਰਿੰਗ ਮਜ਼ਦੂਰਾਂ ਦੀ ਤਨਖਾਹ ਵਿਚ 25 ਫੀਸਦੀ ਕਟੌਤੀ ਹੋ ਗਈ ਅਤੇ ਜਦ ਉਹ ਇਸ ਦੇ ਵਿਰੋਧ ਵਿਚ ਪ੍ਰਬੰਧਨ ਦੇ ਕੋਲ ਗਏ ਤਾਂ ਉਨ੍ਹਾਂ ਨੂੰ ਇਹੀ ਕਿਹਾ ਗਿਆ ਕਿ ਜੋ ਚਾਹੋ ਕਰ ਲਵੋ ਪਰ ਇਸ ਤਰ੍ਹਾਂ ਹੀ ਹੋਵੇਗਾ।

ਪੁਰੋਗਾਮੀ ਮਹਿਲਾ ਸੰਗਠਨ ਅਤੇ ਹਿੰਦ ਨੌਜਵਾਨ ਏਕਤਾ ਸਭਾ ਦੇ ਪ੍ਰਤੀਨਿਧੀਆਂ ਨੇ ਵੀ ਸਭਾ ਨੂੰ ਸੰਬੋਧਨ ਕੀਤਾ। ਮਜ਼ਦੂਰ ਵਰਗ ਦੇ ਪ੍ਰੋਗਰਾਮ ਦਾ ਦੂਰ-ਦੂਰ ਤੱਕ ਪ੍ਰਚਾਰ ਕਰਨ ਲਈ ਅਗਲੀਆਂ ਚੋਣਾਂ ਦਾ ਇਸਤੇਮਾਲ ਕਰਨ ਦੇ ਫੈਸਲੇ ਦੇ ਨਾਲ ਅਜਲਾਸ ਸਮਾਪਤ ਹੋਇਆ। ■


**Internet Edition**

Mazdoor Ekta Lehar
(Hindi Fortnightly)
Mazdoor Ekta Lehar
(English Fortnightly)
Mazdoor Ekta Lehar
(Punjabi Monthly),
Thozhilalar Ottrumai Kural
(Tamil Monthly)
http://www.cgpi.org,
email : melpaper@yahoo.com,
ph. 9868721375

# ਸਹਾਇਕ ਰੇਲ ਚਾਲਕਾਂ ਦੀ ਮੰਗ ਨੂੰ ਲੈ ਕੇ ਅੰਦੋਲਨ

ਪ੍ਰਬੰਧਨ ਵੱਲੋਂ ਐਸ. ਪੀ.ਏ.ਡੀ. ਨਿਯਮ ਦੇ ਤਹਿਤ ਕਾਰਵਾਈ ਕਰਨ ਦੇ ਵਿਰੋਧ ਵਿਚ ਪੱਛਮੀ ਰੇਲਵੇ ਦੇ ਰੇਲ ਚਾਲਕ (ਮੋਟਰਮੈਨ) ਲਗਾਤਾਰ ਸੰਘਰਸ਼ ਕਰਦੇ ਆਏ ਹਨ। ਐਸ. ਪੀ.ਏ.ਡੀ. ਨਿਯਮ ਦਾ ਮਤਲਬ ਹੈ ਕਿ ਗਲਤੀ ਨਾਲ ਵੀ ਇਕ ਲਾਲ ਇਸ਼ਾਰੇ ਦੇ ਪਰ੍ਹੇ ਜਾਣ ਵਾਲੇ ਰੇਲ ਚਾਲਕ ਨੂੰ ਫੌਰਨ ਨੌਕਰੀ ਤੋਂ ਬਰਖਾਸਤ ਕੀਤਾ ਜਾਣਾ ਚਾਹੀਦਾ ਹੈ। ਪੂਰੇ ਦੇਸ਼ ਦੇ ਰੇਲ ਚਾਲਕਾਂ 'ਤੇ ਲਾਗੂ ਹੋਣ ਵਾਲੇ ਇਸ ਕਾਲੇ ਨਿਯਮ ਦੀ ਵਜ੍ਹਾ ਨਾਲ ਰੇਲ ਚਾਲਕਾਂ ਵਿਚ ਬਹੁਤ ਰੋਸ ਹੈ, ਕਿਉਂਕਿ ਇਸ ਦੇ ਤਹਿਤ ਸੈਂਕੜੇ ਰੇਲ ਚਾਲਕਾਂ ਨੂੰ ਬਰਖਾਸਤ ਕੀਤਾ ਗਿਆ ਹੈ, ਉਨ੍ਹਾਂ ਦਾ ਤਨਖਾਹ ਵਾਧਾ ਰੋਕ ਦਿੱਤਾ ਗਿਆ ਹੈ ਅਤੇ ਇੱਥੇ ਤੱਕ ਕਿ ਨੌਕਰੀ ਵੀ ਗਵਾਉਣੀ ਪਈ ਹੈ। ਪਰ ਜਦ ਵੀ ਕਿਸੇ ਰੇਲ ਚਾਲਕ ਨੂੰ ਪੱਛਮੀ ਰੇਲਵੇ ਦੀ ਸਥਾਨਕ ਰੇਲ ਸੇਵਾ ਵਿਚ ਇਸ ਨਿਯਮ ਦੇ ਤਹਿਤ ਬਰਖਾਸਤ ਕੀਤਾ ਗਿਆ ਹੈ, ਤਦ ਡਬਲਿਊ.ਆਰ.ਐਮ.ਏ. ਦੀ ਲੜਾਕੂ ਏਕਤਾ ਦੇ ਜ਼ੋਰ 'ਤੇ ਰੇਲ ਚਾਲਕਾਂ ਨੇ ਅਧਿਕਾਰੀ ਵਰਗ ਨੂੰ ਉਨ੍ਹਾਂ ਨੂੰ ਵਾਪਿਸ ਲੈਣ ਲਈ ਮਜਬੂਰ ਕੀਤਾ ਹੈ। ਇਸ ਦੇ ਸੱਭ ਤੋਂ ਅਜੋਕੇ ਉਦਾਹਰਣ ਜਨਵਰੀ ਅਤੇ ਮਾਰਚ 2014 ਦੇ ਹਨ ਜਦ ਬਰਖਾਸਤ ਰੇਲ ਚਾਲਕਾਂ ਨੂੰ ਵਾਪਿਸ ਲਿਆ ਗਿਆ।

ਐਸ.ਪੀ.ਏ.ਡੀ. ਦੇ ਤਹਿਤ ਦੋ ਬਰਖਾਸਤ ਰੇਲ ਚਾਲਕਾਂ ਨੂੰ ਵਾਪਿਲ ਲੈਣ, 8 ਰੇਲ ਚਾਲਕਾਂ ਨੂੰ ਤਰੱਕੀ ਦਿਵਾਉਣ ਅਤੇ ਸਹਾਇਕ ਰੇਲ ਚਾਲਕ ਨਿਯੁਕਤ ਕਰਵਾਉਣ ਦੀ ਮੰਗ ਨੂੰ ਲੈ ਕੇ 4 ਮਾਰਚ, 2014 ਨੂੰ ਸੈਂਕੜੇ ਰੇਲ ਚਾਲਕਾਂ ਨੇ ਚਰਚਗੇਟ ਸਟੇਸ਼ਨ 'ਤੇ ਪੂਰੇ ਦਿਨ ਦਾ ਧਰਨਾ ਦਿੱਤਾ। ਧਰਨੇ ਵਾਲੀ ਥਾਂ 'ਤੇ ਹੀ ਡਬਲਿਊ.ਆਰ.ਐਮ.ਏ. ਨੇ ਬਹੁਤ ਸਾਰੀਆਂ ਤਖਤੀਆਂ ਬਣਾਈਆਂ ਜਿਨ੍ਹਾਂ ਦੇ ਜ਼ਰੀਏ ਉਨ੍ਹਾਂ ਨੇ ਰੇਲ ਚਾਲਕਾਂ ਦੇ ਮੁਸ਼ਕਿਲ ਹਾਲਾਤ ਦੇ ਬਾਰੇ ਲੋਕਾਂ ਨੂੰ ਦੱਸਿਆ। ਹਜ਼ਾਰਾਂ ਰੇਲ ਯਾਤਰੀਆਂ ਨੇ ਖੜ੍ਹੇ ਹੋ ਕੇ ਇਨ੍ਹਾਂ ਨੂੰ ਪੜ੍ਹਿਆ ਅਤੇ ਰੇਲ ਚਾਲਕਾਂ ਦੇ ਨੇਤਾਵਾਂ ਦੇ ਭਾਸ਼ਣ ਸੁਣੇ।

ਰੇਲ ਚਾਲਕਾਂ ਅਤੇ ਆਉਣ-ਜਾਣ ਵਾਲੇ ਯਾਤਰੀਆਂ ਨੂੰ ਸੰਬੋਧਨ ਕਰਦੇ ਹੋਏ, ਡਬਲਿਊ, ਆਰ.ਐਮ.ਏ. ਦੇ ਨੇਤਾ ਕਾਮਰੇਡ ਦਵਿੰਦਰ ਯਾਦਵ ਨੇ ਦੱਸਿਆ ਕਿ ਰੇਲ ਚਾਲਕਾਂ ਦੇ ਅੰਦੋਲਨ ਦੇ ਦਬਾਅ ਵਿਚ ਦੋਵੇਂ ਬਰਖਾਸਤ ਰੇਲ ਚਾਲਕਾਂ ਨੂੰ ਵਾਪਿਸ ਲੈ ਲਿਆ ਗਿਆ ਹੈ। ਐਸ.ਪੀ.ਏ.ਡੀ. ਦੇ ਤਹਿਤ 8 ਹੋਰ ਰੇਲ ਚਾਲਕਾਂ ਦੇ ਤਨਖਾਹ ਵਾਧੇ 'ਤੇ ਲਗਾਈ ਗਈ ਰੋਕ ਦੇ ਬਾਰੇ ਵਿਚ ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਅਧਿਕਾਰੀ ਇਨ੍ਹਾਂ ਦੇ ਤਨਖਾਹ ਵਾਧੇ ਨੂੰ ਬਹਾਲ ਨਹੀਂ ਕਰਦੇ ਤਾਂ ਰੇਲ ਚਾਲਕਾਂ ਨੂੰ ਫਿਰ ਤੋਂ ਅੰਦੋਲਨ ਕਰਨਾ ਪਵੇਗਾ। ਉਨ੍ਹਾਂ ਨੇ ਦੱਸਿਆ ਕਿ 5000 ਯਾਤਰੀਆਂ ਨੂੰ ਲੈ ਜਾਣ ਦੇ ਲਈ ਸਿਰਫ਼ ਇੱਕ ਰੇਲ ਚਾਲਕ ਦੀ ਜ਼ਿੰਮੇਵਾਰੀ ਹੁੰਦੀ ਹੈ ਅਤੇ ਇਸ ਨਾਲ ਯਾਤਰੀ ਸੁਰੱਖਿਆ 'ਤੇ ਗੰਭੀਰ ਪ੍ਰਸ਼ਨ ਪੈਦਾ ਹੁੰਦੇ ਹਨ। ਜੇਕਰ ਰੇਲ ਚਾਲਕ ਨੂੰ ਕੁੱਝ ਹੋ ਜਾਂਦਾ ਹੈ ਤਾਂ ਉਸ ਰੇਲ ਵਿਚ ਯਾਤਰਾ ਕਰ ਰਹੇ ਹਜ਼ਾਰਾਂ ਲੋਕਾਂ ਦਾ ਕੀ ਹੋਵੇਗਾ? ਉਨ੍ਹਾਂ ਨੇ ਧਿਆਨ ਦਿਵਾਇਆ ਕਿ ਜਦ ਸਿਰਫ਼ ਇੱਕ ਇੰਜਨ ਨੂੰ ਹੀ ਦੂਸਰੀ ਪਟਰੀ 'ਤੇ ਲੈ ਜਾਣਾ ਹੁੰਦਾ ਹੈ (ਸ਼ਟਿੰਗ) ਤਦ ਵੀ ਇੱਕ ਸਹਾਇਕ ਰੇਲ ਚਾਲਕ ਦੀ ਜ਼ਰੂਰਤ ਹੁੰਦੀ ਹੈ। ਫਿਰ ਰੇਲ ਚਾਲਕਾਂ ਨੂੰ ਸਹਾਇਕ ਦੇਣ ਦੇ ਲਈ ਰੇਲਵੇ ਕਿਉਂ ਤਿਆਰ ਨਹੀਂ ਹੈ?

ਕਾਮਰੇਡ ਦੇਵੇਂਦਰ ਯਾਦਵ ਨੇ ਕਿਹਾ ਕਿ ਰੇਲ ਚਾਲਕਾਂ ਨੂੰ 365 ਦਿਨ, ਬਿਨਾਂ ਸਹਾਇਕ ਦੇ ਬਹੁਤ ਔਖੇ ਹਲਾਤਾਂ ਵਿਚ ਕੰਮ ਕਰਨਾ ਪੈਂਦਾ ਹੈ। ਇਸਦੇ ਬਾਵਜੂਦ, ਉਨ੍ਹਾਂ 'ਤੇ ਐਸ.ਪੀ.ਏ.ਡੀ. ਦੇ ਤਹਿਤ ਕਾਰਵਾਈਆਂ ਕੀਤੀਆਂ ਜਾਂਦੀਆਂ ਹਨ। ਇਸਦੀ ਵਜ੍ਹਾ ਨਾਲ ਕੁੱਝ ਰੇਲ ਚਾਲਕਾਂ ਨੂੰ ਆਤਮ-ਹੱਤਿਆ ਕਰਨ ਲਈ ਮਜਬੂਰ ਹੋਣਾ ਪੈਂਦਾ ਸੀ। ਉਨ੍ਹਾਂ ਨੇ ਕਿਹਾ ਕਿ ਮਜ਼ਦੂਰਾਂ ਦੇ ਵਿਚ ਵਿਸ਼ਵਾਸਘਾਤੀ ਯੂਨੀਅਨਾਂ ਵੀ ਹਨ ਜੋ ਪ੍ਰਬੰਧਨ ਦੇ ਨਾਲ ਮਿਲੀਭੁਗਤ ਵਿਚ ਹਨ। ਉਨ੍ਹਾਂ ਨੇ ਇਨ੍ਹਾਂ ਦੀ ਨਿੰਦਿਆ ਕੀਤੀ। ਉਨ੍ਹਾਂ ਨੇ ਸਰੋਤਿਆਂ ਨੂੰ ਯਾਦ ਦਿਵਾਇਆ ਕਿ ਕਾਲੇ ਅੰਗਰੇਜ਼, ਯਾਨੀ ਕਿ ਅੱਜ ਦੇ ਸ਼ਾਸਕ ਹਿੰਦੁਸਤਾਨ ਨੂੰ ਲੁੱਟ ਰਹੇ ਹਨ ਅਤੇ ਆਪਣੀ ਜਾਇਦਾਦ ਵਿਦੇਸ਼ਾਂ ਵਿਚ ਲਿਜਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਮਜ਼ਦੂਰ ਵਰਗ ਦਾ ਸੰਸਦ ਵਿਚ ਕੋਈ ਪ੍ਰਤੀਨਿਧਿਤਵ ਨਹੀਂ ਕਰਦਾ ਅਤੇ ਇਸ ਲਈ ਉਹ ਆਤਮਹੱਤਿਆ ਕਰਨ ਲਈ ਮਜਬੂਰ ਹੁੰਦੇ ਹਨ।

ਉਨ੍ਹਾਂ ਨੇ ਅਧਿਕਾਰੀਆਂ ਨੂੰ ਚੁਣੌਤੀ ਦਿੱਤੀ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ 1 ਅਪ੍ਰੈਲ, 2014 ਤੱਕ ਮਨਜ਼ੂਰ ਨਹੀਂ ਕੀਤੀਆਂ ਜਾਂਦੀਆਂ ਤਾਂ ਉਹ ਅਣਮਿੱਥੇ ਸਮੇਂ ਲਈ ਹੜਤਾਲ ਕਰਨਗੇ।

ਕਾਮਗਾਰ ਏਕਤਾ ਕਮੇਟੀ ਦੇ ਕਾਮਰੇਡ ਮੈਥਿਊ ਨੇ ਰੇਲ ਚਾਲਕਾਂ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਕਾਮਗਾਰ ਏਕਤਾ ਕਮੇਟੀ ਅਤੇ ਲੋਕ ਰਾਜ ਸੰਗਠਨ ਹਮੇਸ਼ਾ ਰੇਲ ਚਾਲਕਾਂ ਦੇ ਸੰਘਰਸ਼ ਦਾ ਸਮਰਥਨ ਕਰਦੇ ਆਏ ਹਨ ਅਤੇ ਅਸੀਂ ਯਾਤਰੀਆਂ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਪਰਚੇ ਵੰਡੇ ਹਨ ਜਿਨ੍ਹਾਂ ਦੇ ਜ਼ਰੀਏ ਰੇਲ ਚਾਲਕਾਂ ਦੀਆਂ ਮੁਸ਼ਕਿਲਾਂ ਦੇ ਬਾਰੇ ਵਿਚ ਜਨਤਾ ਨੂੰ ਜਾਣੂ ਕਰਵਾਇਆ ਹੈ। ਅਸੀਂ ਸਰਬਉੱਚ ਅਦਾਲਤ ਦੇ ਮੁੱਖ ਜੱਜ ਅਤੇ ਰੇਲ ਮੰਤਰੀ ਨੂੰ ਪੱਤਰ ਲਿਖੇ ਹਨ ਜਿਨ੍ਹਾਂ ਵਿਚ ਮੁੰਬਈ ਦੇ ਬੁਹਤ ਸਾਰੇ ਟ੍ਰੇਡ ਯੂਨੀਅਨਾਂ ਨੇ ਦਸਤਖਤ ਕਰਕੇ ਰੇਲ ਚਾਲਕਾਂ ਦੀਆਂ ਮੰਗਾਂ ਦਾ ਸਮਰਥਨ ਕੀਤਾ ਹੈ।

ਉਨ੍ਹਾਂ ਨੇ ਰੇਲ ਚਾਲਕਾਂ ਦੀ ਬਹਾਦਰੀ ਨੂੰ ਸਲਾਮ ਕੀਤਾ ਅਤੇ ਲੰਬੇ ਸਮੇਂ ਤੋਂ ਖੜ੍ਹੀਆਂ ਮੁਸ਼ਕਿਲਾਂ ਨੂੰ ਨਜ਼ਰਅੰਦਾਜ਼ ਕਰਨ ਲਈ ਅਧਿਕਾਰੀਆਂ ਦੀ ਨਿੰਦਿਆ ਕੀਤੀ। ਨਵੰਬਰ 2013 ਨੂੰ 4 ਗੈਂਗਮੈਨਾਂ ਦੀ ਮੌਤ ਅਤੇ ਹੁਣੇ ਜਿਹੇ ਦੋ ਹੋਰ ਗੈਂਗਮੈਨਾਂ ਦੀ ਕੰਮ ਦੇ ਦੌਰਾਨ ਮੌਤ ਦੇ ਬਾਰੇ ਵਿਚ ਉਨ੍ਹਾਂ ਨੇ ਸਾਰਿਆਂ ਨੂੰ ਜਾਣੂ ਕਰਵਾਇਆ। ਉਨ੍ਹਾਂ ਨੇ ਦੱਸਿਆ ਕਿ ਇਨ੍ਹਾਂ ਲਈ ਖਾਲ਼ੀ ਅਸਾਮੀਆਂ 'ਤੇ ਗੈਂਗਮੈਨਾਂ ਦੀ ਭਰਤੀ ਨਾ ਕਰਨ ਦੀ ਰੇਲਵੇ ਪ੍ਰਬੰਧਨ ਦੀ ਅਪਰਾਧਕ ਜ਼ਿੰਮੇਵਾਰੀ ਹੈ। ਇਸੇ ਤਰ੍ਹਾਂ ਰੇਲ ਚਾਲਕਾਂ ਦੀਆਂ 17,000 ਅਸਾਮੀਆਂ ਖਾਲੀ ਹਨ ਅਤੇ ਵੱਡੀ ਗਿਣਤੀ ਵਿਚ ਗਾਰਡ, ਸਟੇਸ਼ਨ ਮਾਸਟਰ, ਆਦਿ ਦੀ ਵੀ ਭਰਤੀ ਨਹੀਂ ਹੋਈ ਹੈ। ਉਨ੍ਹਾਂ ਨੇ ਰੇਲ ਚਾਲਕਾਂ ਨੂੰ ਰੇਲ ਮਜ਼ਦੂਰਾਂ ਦੀ ਏਕਤਾ ਬਣਾਉਣ 'ਤੇ ਕੰਮ ਕਰਨ ਦਾ ਸੱਦਾ ਦਿੱਤਾ। 1974 ਦੀ ਇਤਿਹਾਸਿਕ ਹੜਤਾਲ ਵਿਚ ਰੇਲ ਚਾਲਕਾਂ ਦੀ ਪ੍ਰਧਾਨਗੀ ਵਿਚ, ਰੇਲਵੇ ਮਜ਼ਦੂਰਾਂ ਦੀ ਏਕਤਾ ਨੇ ਕਾਲੇ ਅੰਗਰੇਜ਼ ਸ਼ਾਸਕਾਂ ਨੂੰ ਇੰਨਾ ਮਜਬੂਰ ਕਰ ਦਿੱਤਾ ਸੀ ਕਿ ਉਨ੍ਹਾਂ ਨੂੰ ਐਮਰਜੈਂਸੀ ਦੀ ਘੋਸ਼ਣਾ ਕਰਨੀ ਪਈ ਸੀ। ਤਦ ਤੋਂ ਰੇਲਵੇ ਮਜ਼ਦੂਰਾਂ ਦੀ ਏਕਤਾ ਦੇ ਡਰ ਦੀ ਵਜ੍ਹਾ ਨਾਲ ਉਨ੍ਹਾਂ ਨੇ ਰੇਲ ਮਜ਼ਦੂਰਾਂ ਨੂੰ ਆਪਸ ਵਿਚ ਲੜਾ ਕੇ, ਉਨ੍ਹਾਂ ਨੂੰ ਅਲੱਗ ਅਲੱਗ ਯੂਨੀਅਨਾਂ ਵਿਚ ਵੰਡ ਕੇ ਅਤੇ ਦੂਸਰੇ ਯੋਜਨਾਬੱਧ ਤਰੀਕਿਆਂ ਨਾਲ ਵੰਡ ਕੇ ਰੱਖ ਦਿੱਤਾ। ਉਨ੍ਹਾਂ ਨੇ ਕਿਹਾ ਰੇਲ ਮਜ਼ਦੂਰਾਂ ਨੂੰ ਆਪ ਆਪਣੀ ਏਕਤਾ ਦੁਬਾਰਾ ਸਥਾਪਿਤ ਕਰਨੀ ਪਵੇਗੀ। ਜੇਕਰ ਹਿੰਦੁਸਤਾਨ ਦੇ ਰੇਲ ਮਜ਼ਦੂਰ ਇੱਕ ਹੋ ਜਾਂਦੇ ਹਨ ਤਾਂ ਬਾਕੀ ਮਜ਼ਦੂਰ ਵਰਗ ਪਿੱਛੇ ਨਹੀਂ ਰਹੇਗਾ।

ਇਸ ਦੇ ਬਾਅਦ ਰੇਲ ਚਾਲਕਾਂ ਦੇ ਹੋਰ ਵੀ ਨੇਤਾਵਾਂ ਨੇ ਮਜ਼ਦੂਰਾਂ ਨੂੰ ਸੰਬੋਧਨ ਕੀਤਾ। ■

हिन्दोस्तान की कम्युनिस्ट
ग़दर पार्टी का

पाक्षिक अखबार

मजदूर एकता लहर

वार्षिक शुल्क 50 रुपये, कृपया मनीआर्डर
निम्न पते पर भेजिये :

श्री चन्द्रभान, ई–392, संजय कालोनी, ओखला
फेस–2, नई दिल्ली – 110020, फोन 09868721375

मनीआर्डर फार्म भरते समय संदेश के स्थान पर स्पष्ट अक्षरों में अपना पता व फोन नम्बर अवश्य लिखें ताकि आपसे संपर्क किया जा सके।

# ਯੂਕਰੇਨ ਵਿਚ ਸਾਮਰਾਜਵਾਦ ਵਲੋਂ ਉਤਸ਼ਾਹਤ ਕੀਤੇ ਗ੍ਰਿਹ ਯੁੱਧ ਅਤੇ ਸੱਤਾ ਪ੍ਰੀਵਰਤਨ ਦੀ ਨਿਖੇਧੀ ਕਰੋ!

ਯੂਕਰੇਨ ਵਿਚ ਵਾਪਰ ਰਹੀਆਂ ਘਟਨਾਵਾਂ ਤੋਂ ਉਸ ਦੇਸ਼ ਦੀ ਆਜ਼ਾਦੀ ਅਤੇ ਵਿਸ਼ਵ ਸ਼ਾਂਤੀ ਨੂੰ ਬਹੁਤ ਵੱਡੇ ਖਤਰੇ ਪੈਦਾ ਹੋ ਗਏ ਹਨ। ਹਿੰਦੋਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਯੂਕਰੇਨ ਵਿਚ ਸੰਕਟ ਪੈਦਾ ਕੀਤੇ ਜਾਣ ਵਾਸਤੇ ਅਮਰੀਕਾ ਅਤੇ ਯੂਰਪੀਨ ਸੰਘ ਦੀ ਸਖਤ ਨਿਖੇਧੀ ਕਰਦੀ ਹੈ।

ਯੂਕਰੇਨ ਇੱਕ ਵਿਸ਼ਾਲ ਦੇਸ਼ ਹੈ ਜਿਸਦਾ ਖੇਤਰਫਲ ਕੋਈ 6 ਲੱਖ ਵਰਗ ਕਿਲੋਮੀਟਰ ਹੈ ਜੋ ਰਾਜਿਸਤਾਨ ਅਤੇ ਮੱਧ ਪ੍ਰੇਦਸ਼ ਦੇ ਕੁੱਲ ਖੇਤਰਫਲ ਤੋਂ ਥੋੜ੍ਹਾ ਕੁ ਘੱਟ ਹੈ। ਇਹ ਬਹੁਤ ਵੱਡੇ ਉਦਯੋਗਾਂ ਵਾਲਾ ਦੇਸ਼ ਹੈ ਅਤੇ ਇਥੇ ਖੇਤੀਬਾੜੀ ਵੀ ਬਹੁਤ ਉਚੇ ਪੱਧਰ ਦੀ ਹੈ। ਇਸ ਨੂੰ ਯੂਰਪ ਦਾ ਅੰਨ ਦਾਤਾ ਵੀ ਕਿਹਾ ਜਾਂਦਾ ਹੈ। ਸੋਵੀਅਤ ਸੰਘ ਵਿਚ ਇਹ ਰੂਸ ਤੋਂ ਬਾਅਦ ਇੱਕ ਬਹੁਤ ਵੱਡਾ ਗਣਰਾਜ ਸੀ ਅਤੇ ਇਤਿਹਾਸਿਕ ਤੌਰ ਉਤੇ ਇਸਦਾ ਰੂਸ ਨਾਲ ਬਹੁਤ ਨਜ਼ਦੀਕੀ ਸਬੰਧ ਰਿਹਾ ਹੈ।

ਯੂਕਰੇਨ ਅਮਰੀਕੀ ਸਾਮਰਾਜਵਾਦ ਅਤੇ ਉਸਦੀਆਂ ਗੁਪਤਚਰ ਏਜੰਸੀਆਂ ਵਲੋਂ ਕਰਵਾਏ ਜਾਣ ਵਾਲੇ “ਰੰਗ ਬਰੰਗੇ ਇਨਕਲਾਬਾਂ ਦੀ ਪ੍ਰਯੋਗਸ਼ਾਲਾ ਰਿਹਾ ਹੈ। 2004 ਵਿਚ ਸੀ.ਆਈ.ਏ. ਨੇ ਤਰ੍ਹਾਂ ਤ੍ਰਾਂ ਦੇ ਨਵ-ਨਾਜ਼ੀ ਅਤੇ ਫਾਸ਼ੀਵਾਦੀ ਗਰੋਹਾਂ ਦੇ ਜ਼ਰੀਏ ਉਸ ਦੇਸ਼ ਵਿਚ “ਸੰਤਰੀ ਇਨਕਲਾਬ” ਕਰਵਾਇਆ ਸੀ। ਪਰ ਇਹ ਫਾਸ਼ੀਵਾਦੀ ਗਰੋਹ ਜਲਦੀ ਹੀ ਬਦਨਾਮ ਹੋ ਗਏ ਸਨ। ਉਹ ਅਮਰੀਕਾ ਅਤੇ ਯੂਰਪੀ ਸੰਘ ਦੇ ਉਦੇਸ਼ਾਂ ਨੂੰ ਪੂਰਾ ਕਰਨ ਵਿਚ ਨਾਕਾਮ ਰਹੇ, ਜਾਣੀ ਕਿ ਯੂਕਰੇਨ ਨੂੰ ਰੂਸ ਨਾਲੋਂ ਤੋੜਨਾ ਅਤੇ ਯੂਰਪੀਨ ਸੰਘ ਦੇ ਨਾਲ ਜੋੜਨਾ ‘ਤੇ ਇਸ ਤਰ੍ਹਾਂ ਰੂਸ ਨੂੰ ਘੇਰਾ ਪਾਉਣਾ। ਇਸ ਨਾਕਾਮੀ ਦਾ ਕਾਰਨ ਇਹ ਸੀ ਕਿ ਯੂਕਰੇਨ ਦੇ ਲੋਕ ਅਮਰੀਕਾ ਅਤੇ ਯੂਰਪੀ ਸੰਘ ਦੀ ਭੂ-ਰਾਜਨੀਤਕ ਰਣਨੀਤੀ ਵਿਚ ਸ਼ਾਮਲ ਕੀਤੇ ਜਾਣ ਦੀ ਵਿਰੋਧਤਾ ਕਰਦੇ ਸਨ।

ਅਮਰੀਕਾ ਅਤੇ ਯੂਰਪੀ ਸੰਘ ਰੂਸ ਨੂੰ ਪੱਛਮੀ ਦਿਸ਼ਾ ਵਲੋਂ ਘੇਰਨ ਅਤੇ ਇਸ ਦੇ ਦੁਆਲੇ ਫੰਦਾ ਕੱਸਣ ਦੇ ਇਰਾਦੇ ਨਾਲ ਭੂਤ-ਪੂਰਵ ਸੋਵੀਅਤ ਸੰਘ ਦੇ ਯੂਰਪੀ ਗਣਰਾਜਾਂ ਨੂੰ ਨੇਟੋ ਅਤੇ ਯੂਰਪੀਨ ਸੰਘ ਵਿਚ ਸ਼ਾਮਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਦੂਸਰੇ ਪਾਸੇ, ਰੂਸ ਸੋਵੀਅਤ ਸੰਘ ਦੇ ਉਨ੍ਹਾਂ ਭੂਤਪੂਰਵ ਗਣਰਾਜਾਂ ਨੂੰ ਆਪਣੇ ਨਾਲ ਜੋੜ ਕੇ ਇੱਕ ਸੰਘ ਬਣਾਉਣਾ ਚਾਹੁੰਦਾ ਹੈ ਜੋ ਉਸ ਨਾਲ ਜੁੜਨਾ ਚਾਹੁੰਦੇ ਹਨ। ਇਸ ਸੰਘ ਨੂੰ ਪੁਤਿਨ ਨੇ ਯੂਰੇਸ਼ੀਅਨ ਸੰਘ ਦਾ ਨਾਮ ਦਿੱਤਾ ਹੈ। ਅਮਰੀਕਾ ਅਤੇ ਯੂਰਪੀ ਸੰਘ; ਅਤੇ ਰੂਸ ਦੇ ਵਿਚਕਾਰ ਟੱਕਰ ਵਿਚ ਯੂਕਰੇਨ ਪਿਸ ਰਿਹਾ ਹੈ।

ਮੌਜੂਦਾ ਸੰਕਟ ਨਵੰਬਰ, 2013 ਵਿਚ ਉਭਰ ਕੇ ਸਾਹਮਣੇ ਆਇਆ ਜਦੋਂ ਯੂਕਰੇਨ ਵਿਚ ਚੁਣੀ ਹੋਈ ਸਰਕਾਰ ਨੇ ਰਾਸ਼ਟਰਪਤੀ ਵਿਕਟਰ ਯਾਨੁਕੋਵਿਚ ਦੀ ਅਗਵਾਈ ਵਿਚ ਯੂਕਰੇਨ ਦੇ ਸਬੰਧ ਰੂਸ ਨਾਲੋਂ ਤੋੜ ਕੇ ਯੂਰਪੀ ਸੰਘ ਵਿਚ ਸ਼ਾਮਲ ਹੋ ਜਾਣ ਵਾਸਤੇ ਯੂਰਪੀ ਸੰਘ ਦੀ ਮੰਗ ਨੂੰ ਠੁਕਰਾ ਦਿੱਤਾ। ਇਸ ਤੋਂ ਬਾਅਦ ਅਮਰੀਕਾ, ਜਰਮਨੀ, ਬਰਿਟਨ, ਫਰਾਂਸ ਅਤੇ ਹੋਰ ਤਾਕਤਾਂ ਨੇ ਯੂਕਰੇਨ ਵਿਚ ਸੱਤਾ ਪ੍ਰੀਵਰਤਨ ਵਾਸਤੇ ਆਪਣੀਆਂ ਹਰਕਤਾਂ ਤੇਜ਼ ਕਰ ਦਿੱਤੀਆਂ। ਉਨ੍ਹਾਂ ਨੇ ਰਾਜਧਾਨੀ ਕੀਵ ਅਤੇ ਹੋਰ ਸ਼ਹਿਰਾਂ ਵਿਚ “ਸ਼ਾਂਤਮਈ ਵਿਰੋਧ ਵਿਖਾਵੇ” ਕਰਾਉਣ ਵਾਸਤੇ ਤਰ੍ਹਾਂ ਤਰ੍ਹਾਂ ਦੇ ਨਵ-ਨਾਜ਼ੀ ਅਤੇ ਫਾਸ਼ੀਵਾਦੀ ਗਰੋਹਾਂ ਨੂੰ ਉਕਸਾਇਆ। ਇਨ੍ਹਾਂ ਗਰੋਹਾਂ ਨੇ ਇੱਕ ਗਿਣੇ ਮਿਥੇ ਢੰਗ ਨਾਲ ਭੜਕਾਊ ਹਰਕਤਾਂ ਕੀਤੀਆਂ ਅਤੇ ਅਰਾਜਕਤਾ ਤੇ ਹਿੰਸਾ ਫੈਲਾਈ। “ਸ਼ਾਂਤਮਈ ਵਿਖਾਵਾਕਾਰੀਆਂ” ਦੀਆਂ ਹਿੰਸਕ ਕਾਰਵਾਈਆਂ ਵਿਚ ਅਗਵਾ ਕਰਨਾ, ਟਾਰਚਰ ਅਤੇ ਫੌਜੀਆਂ ਉਤੇ ਹਮਲੇ ਕਰਨਾ ਵਗੈਰਾ ਸ਼ਾਮਲ ਸੀ। 22 ਫਰਵਰੀ ਤਕ, ਪ੍ਰਾਪਤ ਖਬਰਾਂ ਅਨੁਸਾਰ ਯੂਕਰੇਨ ਦੀ ਸਰਕਾਰ ਨੇ 82 ਲੋਕਾਂ ਦੀਆਂ ਮੌਤਾਂ ਦੀ ਰਿਪੋਰਟ ਦਿੱਤੀ ਹੈ। ਇਸ ਦੁਰਾਨ, ਸਵੀਡਨ, ਲਤਵੀਆ, ਪੋਲੈਂਡ, ਲਿਥੁਆਨੀਆਂ ਅਤੇ ਜਰਮਨੀ ਨੇ ਯੂਕਰੇਨ ਵਿਚ “ਸ਼ਾਂਤੀ ਸਥਾਪਕ ਫੌਜ” ਭੇਜਣ ਦੀ ਸੰਭਾਵਨਾ ਦਾ ਸੁਝਾਅ ਦਿੱਤਾ।

ਯੂਕਰੇਨ ਦੇ ਰਾਸ਼ਟਰਪਤੀ ਨੇ ਵੱਖ ਵੱਖ ਵਿਰੋਧੀ ਦਲਾਂ ਨਾਲ ਸਮਝੌਤਾ ਕਰਕੇ ਸੰਕਟ ਦਾ ਅਮਨ ਪੂਰਵਕ ਹੱਲ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਪਰ ਅਮਰੀਕਾ ਨੇ ਬੜੇ ਯੋਜਨਾਬੱਧ ਤਰੀਕੇ ਨਾਲ ਇਨ੍ਹਾਂ ਕੋਸ਼ਿਸ਼ਾਂ ਨੂੰ ਨਾਕਾਮ ਬਣਾ ਦਿੱਤਾ। ਅਮਰੀਕਾ ਨੇ ਵਖ ਵੱਖ ਦਲਾਂ ਦੇ ਨੇਤਾਵਾਂ ਨੂੰ ਸਾਫ ਕਹਿ ਦਿੱਤਾ ਸੀ ਕਿ ਉਹ ਮੌਜੂਦਾ ਸੰਵਿਧਾਨਿਕ ਢਾਂਚੇ ਦਾ ਤਖਤਾ ਪਲਟ ਕਰਨ ਤੋਂ ਘੱਟ ਕਿਸੇ ਗੱਲ ਨਾਲ ਸੰਤੁਸ਼ਟ ਨਹੀਂ ਹੋਵੇਗਾ। ਇਹ ਗੱਲ ਅਮਰੀਕਾ ਦੀ ਉਪ-ਸੈਕਟਰੀ ਆਫ ਸਟੇਟ ਵਿਕਟੋਰੀਆ ਨੂਲੈਂਡ ਅਤੇ ਅਮਰੀਕਾ ਦੇ ਯੂਕਰੇਨ ਵਿਚ ਰਾਜਦੂਤ ਜੈਫਰੀ ਪਾਇਆਟ ਵਿਚਕਾਰ ਟੈਲੀਫੋਨ ਉਤੇ ਹੋਈ ਗੱਲਬਾਤ ਦੀ ਰੀਕਾਰਡਿੰਗ ਤੋਂ ਸਾਫ ਪਤਾ ਲੱਗੀ ਹੈ। ਖਬਰਾਂ ਅਨੁਸਾਰ ਇਹ ਗੱਲਬਾਤ 6 ਫਰਵਰੀ, 2014 ਨੂੰ ਹੋਈ ਸੀ। ਉਸ ਟੈਲੀਫੋਨ ਦਾ ਵਾਰਤਾਲਾਪ ਹਿੰਦੋਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਦੀ ਵੈਬਸਾਈਟ ਉਤੇ ਪੜ੍ਹਿਆ ਜਾ ਸਕਦਾ ਹੈ।

22 ਫਰਵਰੀ ਨੂੰ ਯੂਕਰੇਨ ਦੇ ਮੰਤਰੀਮੰਡਲ ਨੇ ਰਾਸ਼ਟਰਪਤੀ ਨਾਲੋਂ ਸਬੰਧ ਤੋੜ ਲਿਆ ਅਤੇ ਸਾਮਰਾਜਵਾਦੀਆਂ ਦੇ ਦਬਾਅ ਤੇ ਬਲੈਕਮੇਲ ਮੂਹਰੇ ਗੋਡੇ ਟੇਕ ਦਿੱਤੇ। ਯਾਨੁਕੋਵਿਚ ਨੇ ਦੇਸ਼ ਦੇ ਰਾਜਨੀਤਕ ਸੰਕਟ ਨੂੰ ਬਲਪੂਰਵਕ ਸੱਤਾ ਪ੍ਰੀਵਰਤਨ ਕਿਹਾ ਅਤੇ ਦੇਸ਼ ਛੱਡ ਜਾਣ ਤੋਂ ਪਹਿਲਾਂ ਇਹ ਕਿਹਾ ਕਿ ਇਹ 1930ਵਿਆਂ ਵਿਚ ਨਾਜ਼ੀਆਂ ਦੇ ਉਭਾਰ ਨਾਲ ਮੇਲ ਖਾਂਦਾ ਹੈ।

ਯੂਕਰੇਨ ਵਿਚ ਸੱਤਾ ਪ੍ਰੀਵਰਤਨ ਉਤੇ ਰੂਸ ਦੀ ਪ੍ਰਤੀਕ੍ਰਿਆ ਉਹੀ ਹੋਈ ਜਿਸ ਦੀ ਕਿ ਉਮੀਦ ਕੀਤੀ ਜਾ ਸਕਦੀ ਸੀ। ਰੂਸ ਦੀ ਸੰਸਦ ਨੇ ਰਾਸ਼ਟਰਪਤੀ ਪੂਤਿਨ ਨੂੰ ਇਹ ਅਧਿਕਾਰ ਦੇ ਦਿੱਤਾ ਕਿ ਜੇਕਰ ਜ਼ਰੂਰੀ ਹੋਵੇ ਤਾਂ “ਰੂਸੀ ਲੋਕਾਂ ਦੀ ਹਿਫਾਜ਼ਤ ਵਾਸ ਤੇ” ਯੂਕਰੇਨ ਵਿਚ ਫੌਜੀ ਦਖਲ-ਅੰਦਾਜ਼ੀ ਕਰ ਦਿੱਤੀ ਜਾਵੇ। ਯੂਕਰੇਨ ਵਿਚ ਕ੍ਰਾਇਮੀਆਂ ਦੇ ਇਲਾਕੇ, ਜਿਥੇ ਯੂਕਰੇਨ ਦੇ ਸਮੁੰਦਰੀ ਬੇੜੇ ਖੜ੍ਹੇ ਹਨ ਅਤੇ ਜਿਥੇ ਰੂਸੀ ਜ਼ੁਬਾਨ ਬੋਲਣ ਵਾਲੇ ਲੋਕਾਂ ਦੀ ਅਬਾਦੀ ਬਹੁ-ਗਿਣਤੀ ਵਿਚ ਹੈ, ਉਥੇ ਦੀ ਸੰਸਦ ਨੇ ਸਰਬ ਸੰਮਤੀ ਨਾਲ ਯੂਕਰੇਨ ਤੋਂ ਵੱਖ ਹੋਣ ਅਤੇ ਰੂਸ ਵਿਚ ਸ਼ਾਮਲ ਹੋ ਜਾਣ ਦਾ ਫੈਸਲਾ ਲੈ ਲਿਆ। ਉਨ੍ਹਾਂ ਨੇ ਇਸ ਵਿਸ਼ੇ ਉਤੇ ਫੈਸਲਾ ਲੈਣ ਵਾਸਤੇ ਰਾਇ-ਸ਼ੁਮਾਰੀ ਕਰਵਾਉਣ ਦਾ ਸੱਦਾ ਦਿੱਤਾ। ਅਮਰੀਕਾ ਅਤੇ ਯੂਰਪੀ ਸੰਘ ਨੇ ਰੂਸ ਉਤੇ ਇਲਜ਼ਾਮ ਲਾਇਆ ਕਿ ਉਸਨੇ ਕ੍ਰਾਇਮੀਆਂ ਵਿਚ ਫੌਜ ਤਾਇਨਾਤ ਕਰ ਦਿੱਤੀ ਹੈ, ਪਰ ਰੂਸ ਨੇ ਇਸ ਨੂੰ ਝੁਠਲਾਇਆ ਹੈ।

ਇਹ ਸਪੱਸ਼ਟ ਹੈ ਕਿ ਅਮਰੀਕਾ ਅਤੇ ਯੂਰਪੀ ਸੰਘ ਗ੍ਰਿਹ ਯੁੱਧ ਭੜਕਾ ਰਹੇ ਹਨ ਅਤੇ ਮੌਜੂਦਾ ਯੂਕਰੇਨੀ ਰਾਜ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਨਾਜ਼ੀਆਂ ਦੀ ਸ਼ੈਲੀ ਵਿਚ ਕੰਮ ਕਰਦਿਆਂ ਓਬਾਮਾ ਝੂਠ ਨੂੰ ਸੱਚ ਸਾਬਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਉਹ ਦਿਖਾਵਾ ਕਰ ਰਿਹਾ ਹੈ ਕਿ ਉਹ ਯੂਕਰੇਨ ਦੀ ਪ੍ਰਭੂਸਤਾ ਅਤੇ ਇਲਾਕਾਈ ਅਖੰਡਤਾ ਦੀ ਹਿਫਾਜ਼ਤ ਕਰ ਰਿਹਾ ਹੈ ਅਤੇ ਰੂਸ ਉਤੇ ਯੂਕਰੇਨ ਦੇ ਟੋਟੇ ਕਰਨ ਦਾ ਇਲਜ਼ਾਮ ਲਾ ਰਿਹਾ ਹੈ।

ਅਮਰੀਕਾ, ਰੂਸ ਨੂੰ ਘੇਰਨ ਅਤੇ ਕਬਜ਼ਾ ਕਰਨ ਵਾਸਤੇ ਯੂਕਰੇਨ ਵਿਚ ਗ੍ਰਿਹ ਯੁੱਧ ਭੜਕਾ ਰਿਹਾ ਹੈ ਅਤੇ ਸ਼ਾਂਤਮਈ ਢੰਗ ਨਾਲ ਹੱਲ ਕਰਨ ਦੇ ਸਭਨਾਂ ਰਾਹਾਂ ਦਾ ਵਿਰੋਧ ਕਰ ਰਿਹਾ ਹੈ। ਏਸ਼ੀਆ ਉਤੇ ਕਬਜ਼ਾ ਕਰਨ ਦੀ ਉਸਦੀ ਯੋਜਨਾ ਦਾ ਇੱਕ ਹਿੱਸਾ ਹੈ।

ਅਮਰੀਕਾ ਜਾਣਦਾ ਹੈ ਕਿ ਜੇਕਰ ਯੂਕਰੇਨ ਨੂੰ ਤਬਾਹ ਕਰ ਦਿੱਤਾ ਜਾਵੇ ਜਾਂ ਰੂਸ ਤੋਂ ਅਲੱਗ ਕਰ ਦਿੱਤਾ ਜਾਵੇ ਤਾਂ ਰੂਸ ਦਾ ਯੂਰੇਸ਼ੀਅਨ ਸੰਘ ਬਣ ਹੀ ਨਹੀਂ ਸਕਦਾ। ਪੱਛਮ ਵੱਲ ਦੇ ਪਾਸਿਉਂ ਰੂਸ

ਬਾਕੀ ਸਫਾ 17 'ਤੇ

# ਸਾਮਰਾਜਵਾਦੀਓ, ਵੈਨਜ਼ੂਏਲਾ ਤੋਂ ਲਾਂਭੇ ਹੋ ਜਾਓ!

ਅਮਰੀਕੀ ਸਾਮਰਾਜਵਾਦੀਆਂ ਅਤੇ ਉਨ੍ਹਾਂ ਦੇ ਮਿੱਤਰਾਂ ਨੇ ਵੈਨਜ਼ੂਏਲਾ ਵਿਚ ਸੱਤਾ ਪ੍ਰੀਵਰਤਨ ਕਰਨ ਵਾਸਤੇ ਇੱਕ ਵਾਰੀ ਹੋਰ ਖੁੱਲ੍ਹੀ ਅਤੇ ਗੁਪਤ ਹਰਕਤ ਕੀਤੀ ਹੈ। ਮਰਹੂਮ ਰਾਸ਼ਟਰਪਤੀ ਹਿਊਗੋ ਸ਼ਾਵੇਜ਼ ਦੀ ਅਗਵਾਈ ਵਿਚ ਬੋਲੇਵਾਰੀਅਨ ਕ੍ਰਾਂਤੀ ਦੇ ਜ਼ਰੀਏ ਵੈਨਜ਼ੂਏਲਾ ਵਿਚੋਂ ਅਮਰੀਕੀ ਸਾਮਰਾਜਵਾਦ ਅਤੇ ਉਨ੍ਹਾਂ ਦੇ ਮਿੱਤਰਾਂ ਨੂੰ ਬਾਹਰ ਭਜਾ ਦੇਣ ਦੇ ਵਕਤ ਤੋਂ ਲੈ ਕੇ ਸਾਮਰਾਜਵਾਦੀਆਂ ਨੇ ਕ੍ਰਾਂਤੀ ਨਾਲ ਲੋਕਾਂ ਨੂੰ ਹੋਏ ਫਾਇਦਿਆਂ ਨੂੰ ਖਤਮ ਕਰਨ ਵਾਸਤੇ ਅਤੇ ਲਾਤੀਨੀ ਅਮਰੀਕਾ ਦੇ ਅਨੇਕਾਂ ਦੇਸ਼ਾਂ ਵਿਚ ਵਧ ਰਹੀ ਸਾਮਰਾਜਵਾਦ-ਵਿਰੋਧੀ ਲਹਿਰ ਨੂੰ ਰੋਕਣ ਦੇ ਇਰਾਦੇ ਨਾਲ, ਵੈਨਜ਼ੂਏਲਾ ਵਿਚ ਆਪਣੀਆਂ ਏਜੰਸੀਆਂ ਨੂੰ ਹਥਿਆਰ ਦੇਣ, ਪੈਸੇ ਦੇਣ ਅਤੇ ਉਕਸਾਉਣ ਤੋਂ ਇਲਾਵਾ ਹੋਰ ਹਰ ਤਰ੍ਹਾਂ ਦੀ ਕੋਸ਼ਿਸ਼ ਵੀ ਜਾਰੀ ਰੱਖੀ ਹੈ।

ਸਾਮਰਾਜਵਾਦੀਆਂ ਨੇ ਆਪਣੀ ਸੱਭ ਤੋਂ ਤਾਜ਼ਾ ਕੋਸ਼ਿਸ਼, 12 ਫਰਵਰੀ, 2014 ਨੂੰ ਸ਼ੁਰੂ ਕੀਤੀ, ਜਿਹੜਾ ਦਿਨ ਵੈਨਜ਼ੂਏਲਾ ਦੀ ਅਜ਼ਾਦੀ ਦੇ ਸੰਘਰਸ਼ ਦੇ ਇੱਕ ਹਿੱਸੇ, ਵਿਦਿਆਰਥੀ ਅੰਦੋਲਨ ਦੀ ਸ਼ਤਾਬਦੀ ਦਾ ਦਿਨ ਸੀ। ਉਸ ਦਿਨ ਜਦੋਂ ਦੇਸ਼ ਦੇ ਅਨੇਕਾਂ ਸ਼ਹਿਰਾਂ ਵਿਚ ਨੌਜਵਾਨ ਅਤੇ ਵਿਦਿਆਰਥੀ ਅਮਨ-ਪੂਰਬਕ ਜਲਸੇ ਕਰਕੇ ਉਸ ਅੰਦੋਲਨ ਦੀ ਸਾਲਗਿਰ੍ਹ ਮਨਾ ਰਹੇ ਸਨ ਤਾਂ ਸਾਮਰਾਜਵਾਦੀ ਮੀਡੀਏ ਦੀਆਂ ਨਜ਼ਰਾਂ ਦੇ ਸਾਹਮਣੇ, ਮਖੌਟੇ ਧਾਰੀ ਫਾਸ਼ੀਵਾਦੀ ਗਰੋਹਾਂ ਨੇ ਹਿੰਸਕ ਅਤੇ ਭੜਕਾਊ ਹਰਕਤਾਂ ਕੀਤੀਆਂ। ਇਸ ਵਿਚ ਤਿੰਨ ਵਿਅਕਤੀ ਮਾਰੇ ਗਏ ਅਤੇ ਕਈ ਦਰਜਨਾਂ ਲੋਕ ਘਾਇਲ ਹੋ ਗਏ। ਸਾਮਰਾਜਵਾਦੀਆਂ ਦੇ ਮੀਡੀਏ ਅਤੇ ਅਜਾਰੇਦਾਰ ਸਰਮਾਏਦਾਰਾਂ ਦੇ ਕੰਟਰੋਲ ਹੇਠਲੇ ਵਿਰੋਧੀ ਧਿਰ ਦੇ ਮੀਡੀਏ ਨੇ ਇਸ ਘਟਨਾ ਨੂੰ ਵਧਾ ਚੜ੍ਹਾਅ ਕੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਉਥੇ ਗ੍ਰਹਿ ਯੁੱਧ ਹੋ ਰਿਹਾ ਹੈ। 12 ਫਰਵਰੀ ਅਤੇ 5 ਮਾਰਚ ਦੇ ਦਰਮਿਆਨ ਵੈਨਜ਼ੂਏਲਾ ਦੇ ਲੋਕਾਂ ਅਤੇ ਸਰਕਾਰ ਸਰਕਾਰ ਨੇ ਆਪਣੀ ਆਜ਼ਾਦੀ ਦੇ ਹੱਕ ਵਿਚ ਵਿਸ਼ਾਲ ਰੈਲੀਆਂ ਕੀਤੀਆਂ। ਹਿਊਗੋ ਸ਼ਾਵੇਜ਼ ਦੇ ਦੇਹਾਂਤ ਦੀ ਪਹਿਲੀ ਵਰ੍ਹੇਗੰਢ ਦੇ ਮੌਕੇ ਉਤੇ 5 ਮਾਰਚ, 2014 ਨੂੰ ਵੈਨਜ਼ੂਏਲਾ ਦੇ ਲੋਕਾਂ ਅਤੇ ਸਰਕਾਰ ਨੇ ਆਪਣੀ ਆਜ਼ਾਦੀ ਅਤੇ ਪ੍ਰਗਤੀ ਦੇ ਹੱਕ ਵਿਚ ਅਤੇ ਕ੍ਰਾਂਤੀ ਦੀਆਂ ਪ੍ਰਾਪਤੀਆਂ ਦੀ ਰੱਖਿਆ ਕਰਨ ਦੇ ਸੰਕਲਪ ਨੂੰ ਦਰਸਾਉਂਦੇ ਹੋਏ ਵੱਡੇ ਵੱਡੇ ਪ੍ਰਦਰਸ਼ਨ ਕੀਤੇ। ਉਸ ਮੌਕੇ ਉਤੇ ਕਿਊਬਾ ਦੇ ਰਾਸ਼ਟਰਪਤੀ ਰਾਉਲ ਕਾਸਟਰੋ ਸਮੇਤ ਲਾਤੀਨੀ ਅਮਰੀਕਾ ਦੇ ਦੇਸ਼ਾਂ ਦੇ ਹੋਰ ਕਈ ਨੇਤਾ ਹਾਜ਼ਰ ਸਨ।

ਠੀਕ ਉਸੇ ਦਿਨ, ਪਨਾਮਾ ਦੀ ਸਰਕਾਰ ਨੇ, ਅਮਰੀਕਾ ਦੀ ਸ਼ਹਿ ਨਾਲ ਇੱਕ ਭੜਕਾਊ ਹਰਕਤ ਕੀਤੀ। ਪਨਾਮਾ ਨੇ ਆਰਗਨਾਈਜ਼ੇਸ਼ਨ ਆਫ ਅਮਰੀਕਨ ਸਟੇਟਸ (ਓ.ਏ.ਐਸ.) ਦੀ ਇੱਕ ਬੈਠਕ ਬੁਲਾਈ। ਓ.ਏ.ਐਸ. ਇੱਕ ਬਦਨਾਮ ਸੰਗਠਨ ਹੈ, ਜਿਸ ਨੂੰ ਅਮਰੀਕੀ ਸਾਮਰਾਜਵਾਦ ਨੇ ਲਾਤੀਨੀ ਅਮਰੀਕਾ ਉਤੇ ਆਪਣੀ ਚੌਧਰ ਜਮਾਉਣ ਵਾਸਤੇ ਅਤੇ ਵੈਨਜ਼ੂਏਲਾ ਵਿਚ ਦਖਲ-ਅੰਦਾਜ਼ੀ ਕਰਨ ਵਾਸਤੇ ਬਣਾਇਆ ਹੈ। ਇਹ ਬੈਠਕ ਅਸਫਲ ਰਹੀ। ਲਾਤੀਨੀ ਅਮਰੀਕਾ ਦੇ ਬਹੁਤੇ ਦੇਸ਼ਾਂ ਨੇ, ਅਮਰੀਕਾ ਦੀਆਂ ਧਮਕੀਆਂ ਦਾ ਸਾਹਮਣਾ ਕਰਨ ਵਾਸਤੇ ਆਪਣਾ ਇੱਕ ਵੱਖਰਾ ਸੰਘ ਬਣਾਇਆ ਹੋਇਆ ਹੈ। ਵੈਨਜ਼ੂਏਲਾ ਦੀ ਸਰਕਾਰ ਨੇ ਪਨਾਮਾ ਦੇ ਅਫਸਰਾਂ ਨੂੰ ਫੌਰਨ ਵੈਨਜ਼ੂਏਲਾ ਵਿਚ ਉਨ੍ਹਾਂ ਦੇ ਦੂਤਾਵਾਸ ਵਿਚੋਂ ਬਾਹਰ ਕੱਢ ਦਿੱਤਾ।

ਵੈਨਜ਼ੂਏਲਾ ਦੇ ਲੋਕਾਂ ਅਤੇ ਰਾਸ਼ਟਰਪਤੀ ਨਿਕੋਲਸ ਮਾਦੂਰੋ ਦੀ ਅਗਵਾਈ ਵਿਚ ਉਸਦੀ ਸਰਕਾਰ ਨੇ ਇਸ ਸਾਮਰਾਜਵਾਦ-ਪ੍ਰੇਰਿਤ ਹਿੰਸਾ ਦਾ ਮੂੰਹਤੋੜ ਜਵਾਬ ਦਿੱਤਾ।

ਸਰਕਾਰ ਨੇ ਅਰਾਜਕਤਾ ਫੈਲਾਉਣ ਵਾਲੇ ਮੁੱਖ ਅੰਸਰਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਉਤੇ ਮੁਕੱਦਮੇ ਸ਼ੁਰੂ ਕਰ ਦਿੱਤੇ ਹਨ।

ਉਸ "ਕ੍ਰਾਂਤੀ" ਦੇ ਸੰਚਾਲਕਾਂ, ਅਮਰੀਕੀ ਅਫਸਰਾਂ ਨੂੰ ਅਮਰੀਕੀ ਦੂਤਾਵਾਸ ਵਿਚੋਂ ਬਾਹਰ ਕੱਢ ਦਿੱਤਾ ਗਿਆ ਹੈ।

ਬਾਕੀ ਸਫਾ 18 'ਤੇ

## ਯੂਕਰੇਨ ਵਿਚ ਸਾਮਰਾਜਵਾਦ ...

ਸਫਾ 16 ਦੀ ਬਾਕੀ

ਤਕਰੀਬਨ ਘਿਰਿਆ ਹੀ ਹੋਵੇਗਾ। ਕਾਲੇ ਸਾਗਰ ਵਿਚ ਰੂਸ ਦੇ ਜੰਗੀ ਬੇੜਿਆਂ ਨੂੰ ਬੜੀ ਅਸਾਨੀ ਨਾਲ ਰੋਕ ਦਿੱਤਾ ਜਾ ਸਕੇਗਾ ਅਤੇ ਇਸ ਤਰ੍ਹਾਂ ਭੂਮੱਧ ਸਾਗਰ ਅਤੇ ਖਾੜੀ ਫਾਰਸ, ਅਟਲਾਂਟਿਕ ਅਤੇ ਹਿੰਦ ਮਹਾਂ ਸਾਗਰ ਤਕ ਪਹੁੰਚਣ ਲਈ ਰੂਸ ਦੇ ਇਕੋ ਇਕ ਸਮੁੰਦਰੀ ਰਸਤੇ ਨੂੰ ਬੰਦ ਕੀਤਾ ਜਾ ਸਕਦਾ ਹੈ।

ਜਿਵੇਂ ਜਿਵੇਂ ਯੁਕਰੇਨ ਦਾ ਸੰਕਟ ਡੂੰਘਾ ਹੁੰਦਾ ਜਾ ਰਿਹਾ ਹੈ, ਤਿਵੇਂ ਤਿਵੇਂ ਅਮਰੀਕਾ, ਬਰਿਟਨ, ਜਰਮਨੀ, ਫਰਾਂਸ, ਇਟਲੀ, ਕੈਨੇਡਾ ਆਦਿ ਦੀਆਂ ਸਰਕਾਰਾਂ ਆਪਣੇ ਦਾਅਪੇਚ ਜ਼ਾਹਿਰ ਕਰ ਰਹੀਆਂ ਹਨ। ਆਪਣਾ ਉਲੂ ਸਿੱਧਾ ਕਰਨ ਵਾਸਤੇ ਉਹ ਯੁਕਰੇਨ ਵਿਚ ਵੱਖ ਵੱਖ ਤਾਕਤਾਂ ਨੂੰ ਡਾਲਰ ਅਤੇ ਯੂਰੋ ਦੇਣ ਦੇ ਵਾਇਦੇ ਕਰ ਰਹੀਆਂ ਹਨ। ਇਸ ਦੇ ਨਾਲ ਹੀ, ਉਹ ਬਦੇਸ਼ਾਂ ਵਿਚ ਰੂਸੀ ਸੰਪਤੀਆਂ ਉਤੇ ਪ੍ਰਤੀਬੰਧ ਲਾ ਕੇ ਰੂਸ ਉਤੇ ਆਰਥਿਕ ਦਬਾਅ ਪਾ ਰਹੀਆਂ ਹਨ। ਅਮਰੀਕਾ ਅਤੇ ਜਰਮਨੀ ਦੇ ਆਪਸੀ ਅੰਤਰ-ਸਾਮਰਾਜੀ ਤਿੱਖੇ ਅੰਤਰ-ਵਿਰੋਧ ਵੀ ਸਾਹਮਣੇ ਆ ਰਹੇ ਹਨ।

ਦੁਨੀਆਂ ਨੂੰ ਇੱਕ ਨਵੇਂ ਵਿਸ਼ਵ ਯੁੱਧ ਵੱਲ ਧੱਕਿਆ ਜਾ ਰਿਹਾ ਹੈ। ਅਮਰੀਕਾ ਅਤੇ ਉਸਦੇ ਮਿੱਤਰ ਪੂਰੀ ਦੁਨੀਆਂ ਵਿਚ ਹਾਵੀ ਹੋਣਾ ਚਾਹੁੰਦੇ ਹਨ ਅਤੇ ਆਪਣੇ ਰਸਤੇ ਵਿਚ ਹਰ ਰੁਕਾਵਟ ਨੂੰ ਕੁਚਲ ਦੇਣਾ ਚਾਹੁੰਦੇ ਹਨ। ਸੰਯੁਕਤ ਰਾਸ਼ਟਰ ਸੰਘ ਉਨ੍ਹਾਂ ਦੀ ਇਸ ਕੋਸ਼ਿਸ਼ ਨੂੰ ਜਾਇਜ਼ ਠਹਿਰਾਉਣ ਵਾਸਤੇ ਇੱਕ ਹੋਰ ਸਾਧਨ ਹੈ। ਆਪਣੇ ਮਨਹੂਸ ਉਦੇਸ਼ਾਂ ਖਾਤਰ ਸਾਮਰਾਜਵਾਦੀ ਕਦੇ ਤਾਂ "ਲੋਕਤੰਤਰ", "ਆਤੰਕਵਾਦ ਖਿਲਾਫ ਜੰਗ", "ਮਾਨਵ ਅਧਿਕਾਰਾਂ ਦੀ ਰਖਵਾਲੀ" ਕਰਨ ਦੇ ਬਹਾਨੇ ਦਖਲ-ਅੰਦਾਜ਼ੀ ਕਰਦੇ ਹਨ ਅਤੇ ਕਦੇ "ਰਾਸ਼ਟਰੀ ਪ੍ਰਭੂਸਤਾ ਅਤੇ ਇਲਾਕਾਈ ਅਖੰਡਤਾ" ਦੀ ਰੱਖਿਆ ਕਰਨ ਦੀ ਗੱਲ ਕਰਦੇ ਹਨ। ਜਿਹੜੇ ਸੱਭ ਤੋਂ ਵੱਡੇ ਅਪਰਾਧੀ, ਸੱਭ ਤੋਂ ਵੱਡੇ ਫਾਸ਼ੀਵਾਦੀ ਅਤੇ ਆਤੰਕਵਾਦੀ, ਮਾਨਵ ਅਧਿਕਾਰਾਂ ਦੀ ਸੱਭ ਤੋਂ ਵੱਧ ਉਲੰਘਣਾਵਾਂ ਕਰਨ ਵਾਲੇ, ਲੋਕਾਂ ਅਤੇ ਰਾਸ਼ਟਰਾਂ ਦੀ ਪ੍ਰਭੂਸਤਾ ਦੇ ਸੱਭ ਤੋਂ ਖੂੰਖਾਰ ਦੁਸ਼ਮਣ ਹਨ, ਉਹੀ ਅੱਜ ਅੰਤਰਰਾਸ਼ਟਰੀ ਅਜਾਰੇਦਾਰ ਮੀਡੀਏ ਉਤੇ ਆਪਣੇ ਕੰਟਰੋਲ ਰਾਹੀਂ ਆਪਣੇ ਵਿਰੋਧੀਆਂ ਅਤੇ ਖਹਿਬਾਜ਼ਾਂ ਨੂੰ ਬਹੁਤ ਹੀ ਖੂੰਖਾਰ ਹੈਵਾਨਾਂ ਦੇ ਤੌਰ ਤੇ ਪੇਸ਼ ਕਰ ਰਹੇ ਹਨ ਅਤੇ ਆਪਣੇ ਆਪ ਨੂੰ ਬਹੁਤ ਹੀ ਪਵਿੱਤਰ ਦਿਖਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਦੁਨੀਆਂ ਉਤੇ ਆਪਣੀ ਚੌਧਰ ਜਮਾਉਣ ਵਾਸਤੇ ਸਾਮਰਾਜਵਾਦੀਏ ਹਰ ਤਰ੍ਹਾਂ ਦੇ ਗਰੋਹਾਂ ਨੂੰ ਖੁਲ੍ਹੇਆਮ ਅਤੇ ਗੁਪਤ ਰੂਪ ਵਿਚ ਪੈਸੇ ਦਿੰਦੇ ਹਨ, ਹਥਿਆਰ ਦਿੰਦੇ ਹਨ, ਅਰਾਜਕਤਾ ਅਤੇ ਹਿੰਸਾ ਫੈਲਾਉਣ ਵਾਸਤੇ "ਜਮਹੂਰੀਅਤ" ਦਾ ਝੰਡਾ ਲਹਿਰਾਉਂਦੇ ਹਨ, ਫਾਸ਼ੀਵਾਦੀ ਦਲਾਂ ਨੂੰ ਉਕਸਾਉਂਦੇ ਹਨ ਅਤੇ ਹਰ ਦੇਸ਼ ਵਿਚ ਵੱਖ ਵੱਖ ਰਾਜਨੀਤਕ ਤਾਕਤਾਂ ਨਾਲ ਦਾਅਪੇਚ ਖੇਡਦੇ ਹਨ। ਇਸ ਵੇਲੇ ਚਾਰ ਮਹਾਂਦੀਪਾਂ ਵਿਚ ਅੱਜ ਅਸੀਂ ਅਜੇਹਾ ਹੁੰਦਾ ਦੇਖ ਸਕਦੇ ਹਾਂ -- ਯੂਰਪ ਵਿਚ ਯੁਕਰੇਨ, ਏਸ਼ੀਆ ਵਿਚ ਥਾਇਲੈਂਡ, ਅਫਰੀਕਾ ਵਿਚ ਮਿਸਰ ਅਤੇ ਲਾਤੀਨੀ ਅਮਰੀਕਾ ਵਿਚ ਵੈਨਜ਼ੂਏਲਾ।

ਹਿੰਦੋਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ, ਆਪਣੇ ਦੇਸ਼ ਦੇ ਮੇਹਨਤਕਸ਼ਾਂ ਨੂੰ ਹੋਕਾ ਦਿੰਦੀ ਹੈ ਕਿ ਅਮਰੀਕਾ ਅਤੇ ਯੂਰਪੀ ਸੰਘ ਵਲੋਂ ਯੁਕਰੇਨ ਵਿਚ ਸੱਤਾ ਪ੍ਰੀਵਰਤਨ ਕਰਨ, ਗ੍ਰਹਿ ਯੁੱਧ ਭੜਕਾਉਣ ਅਤੇ ਉਸ ਦੇਸ਼ ਨੂੰ ਤਬਾਹ ਕਰਨ ਦੇ ਕਦਮਾਂ ਦੀ ਪੁਰਜ਼ੋਰ ਨਿਖੇਧੀ ਕਰੋ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਰੂਸ, ਚੀਨ ਅਤੇ ਹੋਰ ਦੇਸ਼ਾਂ ਵਾਂਗ ਹਿੰਦੋਸਤਾਨ ਵੀ ਸਾਮਰਾਜਵਾਦੀਆਂ ਵਲੋਂ ਏਸ਼ੀਆ ਉਤੇ ਕਬਜ਼ਾ ਕਰਨ ਦੀ ਯੋਜਨਾ ਦਾ ਨਿਸ਼ਾਨਾ ਹੈ। ■

# ਸ਼ਹੀਦੀ ਦਿਵਸ 'ਤੇ ਇੰਗਲੈਂਡ ਵਿੱਚ ਜ਼ੋਸ਼ੀਲਾ ਸਮਾਗਮ

ਇੰਡੀਅਨ ਵਰਕਰਜ਼ ਐਸੋਸੀਏਸ਼ਨ ਵਲੋਂ 16 ਮਾਰਚ, 2014 ਨੂੰ ਇਲਫੋਰਡ, ਵਿਚ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀਆਂ ਸ਼ਹੀਦੀਆਂ ਦੀ 83ਵੀਂ ਵਰ੍ਹੇਗੰਢ ਉਤੇ ਇੱਕ ਬਹੁਤ ਹੀ ਸ਼ਾਨਦਾਰ ਸਮਾਗਮ ਰੱਖਿਆ ਗਿਆ। ਇਸ ਮੀਟਿੰਗ ਵਿਚ ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀਆਂ ਵਲੋਂ ਹਿੰਦੋਸਤਾਨ ਵਿਚ ਇੱਕ ਸਮਾਜਵਾਦੀ ਢਾਂਚਾ ਸਥਾਪਤ ਕਰਨ ਵਾਸਤੇ ਕੀਤੇ ਕੰਮਾਂ ਵਾਰੇ ਚਾਨਣਾ ਪਾਇਆ ਗਿਆ ਅਤੇ ਇੱਕ ਬਹੁਤ ਹੀ ਸ਼ਾਨਦਾਰ ਇਨਕਲਾਬੀ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ।

ਮੀਟਿੰਗ ਦੀ ਸ਼ੁਰੂਆਤ ਕਰਦਿਆਂ ਕਾਮਰੇਡ ਦਲਵਿੰਦਰ ਅਟਵਾਲ ਨੇ ਦੱਸਿਆ ਕਿ ਇਹ ਤਿੰਨੇ ਨੌਜਵਾਨ ਹਿੰਦੋਸਤਾਨ ਰੀਪਬਲੀਕਨ ਆਰਮੀ ਨਾਂ ਦੀ ਜਥੇਬੰਦੀ ਦੇ ਮੈਂਬਰ ਸਨ ਜਿਸ ਦਾ ਮੁੱਖ ਨਿਸ਼ਾਨਾ ਹਿੰਦੋਸਤਾਨ ਨੂੰ ਹਥਿਆਰਾਂ ਦੀ ਤਾਕਤ ਨਾਲ ਬਰਤਾਨਵੀ ਬਸਤੀਵਾਦ ਤੋਂ ਆਜ਼ਾਦ ਕਰਵਾਉਣਾ ਸੀ। ਇਸ ਮਕਸਦ ਲਈ ਸ਼ੁਰੂ ਸ਼ੁਰੂ ਵਿਚ ਉਨ੍ਹਾਂ ਨੇ ਅਤੰਕਵਾਦੀ ਹਰਕਤਾਂ ਵੀ ਕੀਤੀਆਂ ਪਰ ਆਪਣੇ ਤਜਰਬੇ ਤੋਂ ਅਤੇ ਰੂਸ ਵਿਚ ਮਜ਼ਦੂਰਾਂ ਕਿਸਾਨਾਂ ਵਲੋਂ ਜ਼ਾਰ ਦਾ ਤਖਤਾ ਉਲਟਾ ਕੇ ਆਪਣਾ ਰਾਜ ਕਾਇਮ ਕਰ ਲਏ ਜਾਣ ਤੋਂ ਉਤਸ਼ਾਹ ਲੈ ਕੇ ਉਨ੍ਹਾਂ ਦਾ ਝੁਕਾਅ ਸਮਾਜਵਾਦ ਵੱਲ ਹੋ ਗਿਆ। ਭਗਤ ਸਿੰਘ ਹਿੰਦੋਸਤਾਨ ਰੀਪਬਲੀਕਨ ਆਰਮੀ ਦਾ ਇੱਕ ਮੁੱਖ ਆਗੂ ਸੀ ਅਤੇ ਉਸਦੇ ਆਪਣੇ ਸਾਥੀਆਂ ਦੇ ਮੁਤਾਬਿਕ ਉਸ ਦੀ ਪਾਰਟੀ ਦੀ ਸਿਧਾਂਤਕ ਸੇਧ ਨੂੰ ਘੜਨ ਵਿਚ ਅਹਿਮ ਭੂਮਿਕਾ ਸੀ।

ਕਾਮਰੇਡ ਦਲਵਿੰਦਰ ਅਟਵਾਲ ਨੇ ਦੱਸਿਆ ਕਿ ਹਿੰਦੋਸਤਾਨ ਦੀ ਜੰਗੇ-ਆਜ਼ਾਦੀ ਜੋ 1857 ਦੇ ਗ਼ਦਰ, ਨਾਲ ਸ਼ੁਰੂ ਹੋਈ ਸੀ ਅਤੇ ਇਸੇ ਤੋਂ ਉਤਸ਼ਾਹ ਲੈ ਕੇ ਕੈਨੇਡਾ, ਅਮਰੀਕਾ ਵਿਚ ਸਥਾਪਤ ਹੋਈ ਹਿੰਦੋਸਤਾਨੀ ਗ਼ਦਰ ਪਾਰਟੀ ਦੇ ਸੂਰਬੀਰਾਂ ਨੇ ਹਿੰਦੋਸਤਾਨ ਦੀ ਅਜ਼ਾਦੀ ਦਾ ਬਿਗਲ ਵਜਾਇਆ ਸੀ, ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ ਉਸੇ ਹੀ ਜੰਗ ਨੂੰ ਜਾਰੀ ਰੱਖਿਆ। ਜਦ ਕਿ ਪਹਿਲਾਂ ਧਾਰਮਿਕ ਜਾਂ ਬੰਦੇ ਮਾਤਰਮ (ਐ ਭਾਰਤ ਮਾਤਾ ਤੈਨੂੰ ਨਮਸਕਾਰ) ਵਰਗੇ ਨਾਅਰੇ ਬੁਲੰਦ ਕੀਤੇ ਜਾਂਦੇ ਸਨ, ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ ਹਿੰਦੋਸਤਾਨ ਦੇ ਲੋਕਾਂ ਨੂੰ "ਇਨਕਲਾਬ- ਜ਼ਿੰਦਾਬਾਦ" ਦਾ ਨਾਅਰਾ ਦਿੱਤਾ, ਜੋ ਕਿ ਅੱਜ ਸੰਘਰਸ਼ ਕਰ ਰਹੇ ਮਜ਼ਦੂਰਾਂ, ਕਿਸਾਨਾਂ ਅਤੇ ਹੋਰ ਸੱਭ ਦੱਬੇ ਕੁਚਲੇ ਲੋਕਾਂ ਦਾ ਹਰਮਨ ਪਿਆਰਾ ਨਾਅਰਾ ਬਣ ਚੁੱਕਾ ਹੈ। ਕਾਮਰੇਡ ਨੇ ਦੱਸਿਆ ਕਿ "ਇਨਕਬਾਲ - ਜ਼ਿੰਦਾਬਾਦ" ਦਾ ਨਾਅਰਾ ਪਹਿਲੀ ਵਾਰ ਹਿੰਦੋਸਤਾਨ ਦੇ ਮਜ਼ਦੂਰਾਂ ਦੀਆਂ ਹੜਤਾਲਾਂ ਅਤੇ ਕਮਿਉਨਿਸਟ ਲਹਿਰ ਨੂੰ ਚਕਨਾਚੂਰ ਕਰ ਦੇਣ ਲਈ ਪਬਲਿਕ ਸੇਫਟੀ ਬਿੱਲ ਅਤੇ ਟਰੇਡਜ਼ ਡਿਸਪਿਊਟ ਬਿਲ ਪੇਸ਼ ਕੀਤੇ ਜਾਣ ਵਾਲੇ ਦਿਨ, (8 ਅਪਰੈਲ, 1929) ਨੂੰ ਭਗਤ ਸਿੰਘ ਅਤੇ ਬੀ.ਕੇ. ਦੱਤ ਨੇ ਸੈਂਟਰਲ ਅਸੈਂਬਲੀ ਵਿਚ ਧਮਾਕਾ ਕਰਨ ਵਾਲੇ ਫੋਕੇ ਬੰਬ ਸੁੱਟਣ ਤੋਂ ਬਾਅਦ ਬੁਲੰਦ ਕੀਤਾ ਸੀ।

ਕਾਮਰੇਡ ਦਲਵਿੰਦਰ ਨੇ ਦੱਸਿਆ ਕਿ ਕਾਂਗਰਸ ਪਾਰਟੀ ਦਾ ਮਜ਼ਦੂਰਾਂ ਅਤੇ ਕਿਸਾਨਾਂ ਪ੍ਰਤੀ ਰਵਈਆ ਦੇਖਦਿਆਂ ਸ਼ਹੀਦ ਭਗਤ ਸਿੰਘ ਨੇ ਕਿਹਾ ਸੀ ਕਿ "ਹਿੰਦੋਸਤਾਨ ਦੀ ਆਜ਼ਾਦੀ ਦਾ ਸੰਘਰਸ਼ ਉਤਨੀ ਦੇਰ ਜਾਰੀ ਰਹੇਗਾ ਜਿੰਨੀ ਦੇਰ ਮੁੱਠੀ ਭਰ ਲੁਟੇਰੇ ਹਿੰਦੋਸਤਾਨ ਦੇ ਮਜ਼ਦੂਰਾਂ ਅਤੇ ਕਿਸਾਨਾਂ ਦੀ ਮੇਹਨਤ ਦੀ ਲੁੱਟ ਕਰਦੇ

ਬਾਕੀ ਸਫਾ 19 'ਤੇ

## ਸਾਮਰਾਜਵਾਦੀਓ ...

ਸਫਾ 17 ਦੀ ਬਾਕੀ

ਝੂਠਾ ਪ੍ਰਚਾਰ ਕਰਨ ਵਾਲੇ ਸੀ.ਐਨ.ਐਨ. ਦੇ ਰਿਪੋਰਟਰਾਂ ਨੂੰ ਵੈਨਜ਼ੂਏਲਾ ਵਿਚੋਂ ਦੇਸ਼ ਨਿਕਾਲਾ ਦੇ ਦਿੱਤਾ ਗਿਆ ਹੈ। ਇਸ ਪ੍ਰਚਾਰ ਵਿਚ, ਦੂਸਰੇ ਦੇਸ਼ਾਂ ਵਿਚ ਹੋ ਰਹੀ ਹਿੰਸਾ ਦੀਆਂ ਤਸਵੀਰਾਂ ਦਿਖਾ ਕੇ ਇਹ ਦਾਅਵਾ ਕੀਤਾ ਜਾ ਰਿਹਾ ਸੀ ਕਿ ਇਹ ਵੈਨਜ਼ੂਏਲਾ ਵਿਚ ਹੋ ਰਿਹਾ ਹੈ।

ਮਹਾਂਦੀਪ ਅਮਰੀਕਾ ਵਿਚ ਆਪਣੀ ਚੌਧਰ ਜਮਾਉਣ ਵਾਸਤੇ, ਅਮਰੀਕੀ ਸਾਮਰਾਜਵਾਦ ਇਸ ਮਹਾਂਦੀਪ ਦੇ ਕੁੱਝ ਦੇਸ਼ਾਂ ਨੂੰ ਇਕੱਠੇ ਕਰਕੇ ਓ.ਏ.ਐਸ. ਗਠਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਅਮਰੀਕਾ ਦੀਆਂ ਇਨ੍ਹਾਂ ਕੋਸ਼ਿਸ਼ਾਂ ਦਾ ਵਿਰੋਧ ਕਰਨ ਵਾਸਤੇ ਅਤੇ ਉਥੋਂ ਦੇ ਦੇਸ਼ਾਂ ਦੀ ਅਜ਼ਾਦੀ ਤੇ ਪ੍ਰਭੂਸਤਾ ਦੀ ਹਿਫਾਜ਼ਤ ਕਰਨ ਵਾਸਤੇ, ਓ.ਏ.ਐਸ. ਦੇ ਵਿਕਲਪ ਖੜਾ ਕਰਨ ਵਿਚ ਵੈਨਜ਼ੂਏਲਾ ਦੀ ਮੁੱਖ ਭੂਮਿਕਾ ਰਹੀ ਹੈ।

ਵੈਨਜ਼ੂਏਲਾ ਵਿਚ ਜੋ ਹੋ ਰਿਹਾ ਹੈ ਉਹ ਇੱਕ ਗਿਣੀ ਮਿਥੀ ਵਿਉਂਤ ਨਾਲ ਕੀਤਾ ਜਾ ਰਿਹਾ ਹੈ। ਸਾਮਰਾਜਵਾਦੀ ਤਾਕਤਾਂ ਉਸ ਦੇਸ਼ ਵਿਚ ਆਪਣੀਆਂ ਏਜੰਸੀਆਂ ਨੂੰ ਗੁਪਤ ਢੰਗ ਨਾਲ ਹੁਕਮ ਦਿੰਦੀਆਂ ਹਨ ਕਿ ਉਸ "ਦੇਸ਼" ਦੀ ਪੁਲੀਸ ਅਤੇ ਫੌਜ ਨੂੰ ਨਿਸ਼ਾਨਾ ਬਣਾ ਕੇ ਹਿੰਸਕ ਹਰਕਤਾਂ ਕੀਤੀਆਂ ਜਾਣ ਅਤੇ ਅਰਾਜਕਤਾ ਦਾ ਮਹੌਲ ਬਣਾਇਆ ਜਾਵੇ। ਸਾਮਰਾਜਵਾਦੀ ਮੀਡੀਆ ਇਨ੍ਹਾਂ ਉਲਟ-ਇਨਕਲਾਬੀਆਂ ਅਤੇ ਏਜੰਸੀਆਂ ਦੀਆਂ ਹਰਕਤਾਂ ਨੂੰ ਬਹੁਤ ਵਧਾ ਚੜ੍ਹਾ ਕੇ ਪੇਸ਼ ਕਰਦੀਆਂ ਹਨ ਅਤੇ ਇਹ ਦਿਖਾਉਂਦੀਆਂ ਹਨ ਕਿ ਉਥੇ "ਇਨਕਲਾਬ" ਹੋ ਰਿਹਾ ਹੈ, ਅਤੇ ਇਸ ਤਰ੍ਹਾਂ ਦੁਨੀਆਂ ਵਿਚ ਉਥੇ ਸੱਤਾ ਪ੍ਰੀਵਰਤਨ ਕਰਨ ਦੇ ਹੱਕ ਵਿਚ ਲੋਕ-ਰਾਇ ਪੈਦਾ ਕਰਨ ਦੀ ਕੋਸ਼ਿਸ਼ ਕਰਦੀਆਂ ਹਨ। ਯੂਕਰੇਨ, ਥਾਈਲੈਂਡ ਅਤੇ ਮਿਸਰ ਵਿਚ ਅਜੇਹਾ ਹੀ ਹੋ ਰਿਹਾ ਹੈ।

ਮੈਕਸੀਕੋ ਵਿਚ ਭਾਸ਼ਣ ਦਿੰਦਿਆਂ ਹੋਇਆਂ, ਬਰਾਕ ਓਬਾਮਾ ਨੇ ਵੈਨਜ਼ੂਏਲਾ ਦੀ ਸਰਕਾਰ ਉਤੇ ਇਹ ਅਰੋਪ ਲਗਾਇਆ ਹੈ ਕਿ ਉਹ ਆਪਣੀਆਂ ਅੰਦਰੂਨੀ ਸਮੱਸਿਆਵਾਂ ਤੋਂ ਲੋਕਾਂ ਦਾ ਧਿਆਨ ਪਰ੍ਹੇ ਹਟਾ ਰਹੀ ਹੈ। ਵੈਨਜ਼ੂਏਲਾ ਦੀ ਸਰਕਾਰ ਨੇ ਜਵਾਬ ਦਿੱਤਾ ਕਿ "ਦੁਨੀਆਂ ਦੇ ਸੱਭ ਅਜ਼ਾਦ ਦੇਸ਼ਾਂ ਅਤੇ ਉਨ੍ਹਾਂ ਦੀਆਂ ਸਰਕਾਰਾਂ ਨੂੰ ਉਸ ਐਲਾਨ ਦੀ ਉਡੀਕ ਹੈ, ਜਿਸ ਵਿਚ ਸੰਯੁਕਤ ਰਾਜ ਅਮਰੀਕਾ ਦੀ ਸਰਕਾਰ ਇਹ ਸਮਝਾਏਗੀ ਕਿ ਉਹ ਸਾਡੇ ਦੇਸ਼ ਵਿਚ ਹਿੰਸਾ ਫੈਲਾਉਣ ਵਾਲੇ ਵਿਰੋਧੀ ਨੇਤਾਵਾਂ ਨੂੰ ਪੈਸੇ ਅਤੇ ਹੱਲਾਸ਼ੇਰੀ ਕਿਉਂ ਦੇ ਰਹੀ ਅਤੇ ਉਨ੍ਹਾਂ ਦੀ ਹਮਾਇਤ ਕਿਉਂ ਕਰ ਰਹੀ ਹੈ"। ਆਪਣੇ ਲੋਕਾਂ ਦੀ ਪ੍ਰਭੂਸਤਾ ਦੀ ਹਿਫਾਜ਼ਤ ਕਰਨ ਵਾਲੀ ਹਰ ਸਰਕਾਰ ਨੂੰ ਅਜੇਹਾ ਹੀ ਕਰਨਾ ਚਾਹੀਦਾ ਹੈ।

ਅਮਰੀਕਾ ਦੀਆਂ ਗੁਪਤ ਅਤੇ ਜ਼ਾਹਰਾ ਏਜੰਸੀਆਂ ਵੈਨਜ਼ੂਏਲਾ ਵਿਚ ਵਿਰੋਧੀਆਂ ਦਾ ਪੂਰੇ ਤੌਰ ਤੇ ਸਮਰਥਨ ਕਰ ਰਹੀਆਂ ਹਨ। ਅਮਰੀਕੀ ਸਾਮਰਾਜਵਾਦੀ ਲਾਤੀਨੀ ਅਮਰੀਕਾ ਨੂੰ "ਆਪਣਾ ਹੀ ਪਿਛਵਾੜਾ" ਸਮਝਦੇ ਆ ਰਹੇ ਹਨ ਅਤੇ ਉਹ ਇਹ ਸਵੀਕਾਰ ਕਰਨ ਨੂੰ ਤਿਆਰ ਨਹੀਂ ਕਿ ਲਾਤੀਨੀ ਅਮਰੀਕਾ ਦੇ ਦੇਸ਼ ਆਪਣੇ ਆਜ਼ਾਦ ਆਰਥਿਕ ਅਤੇ ਰਾਜਨੀਤਕ ਰਸਤੇ ਤੈਅ ਕਰ ਲੈਣ ਜੋ ਅਮਰੀਕੀ ਸਾਮਰਾਜ ਨੂੰ ਰਾਸ ਨਾ ਆਉਂਦੇ ਹੋਣ। ਵੈਨਜ਼ੂਏਲਾ, ਇਨ੍ਹਾਂ ਦੇਸ਼ਾਂ ਦੀਆਂ ਮੂਹਰਲੀਆਂ ਸਫਾਂ ਵਿਚ ਹੈ। ਕਮਿਉਨਿਟੀ ਆਫ ਲੈਟਿਨ ਅਮੇਰਿਕਨ ਐਂਡ ਕੈਰੇਬੀਅਨ ਸਟੇਟਸ (ਸੀਲਾਕ), ਜੋ ਅਮਰੀਕਾ ਅਤੇ ਕੈਨੇਡਾ ਨੂੰ ਛੱਡ ਕੇ ਉੱਤਰ ਅਤੇ ਦੱਖਣੀ ਅਮਰੀਕਾ ਦੇ ਸੱਭ ਦੇਸ਼ਾਂ ਦਾ ਇੱਕ ਸੰਘ ਹੈ, ਦੀ ਇੱਕ ਸਿਖਰ ਬੈਠਕ ਜਨਵਰੀ, 2014 ਦੇ ਅਖੀਰ ਵਿਚ ਕਿਊਬਾ ਦੀ ਰਾਜਧਾਨੀ ਹਵਾਨਾ ਵਿਚ ਹੋਈ ਸੀ। ਸ਼ਾਇਦ ਇਹ ਇਤਫਾਕੀਆ ਨਹੀਂ ਹੈ ਕਿ ਉਸ ਤੋਂ ਕੁੱਝ ਦਿਨ ਹੀ ਬਾਅਦ, ਫਰਵਰੀ, 2014 ਦੇ ਸ਼ੁਰੂ ਵਿਚ, ਵੈਨਜ਼ੂਏਲਾ ਵਿਚ ਹਮਲਾਵਰ ਹਰਕਤਾਂ ਦਾ ਇਹ ਵਰਤਮਾਨ ਦੌਰ ਸ਼ੁਰੂ ਹੋ ਗਿਆ।

ਆਪਣੇ ਦੇਸ਼ ਦੀ ਸੁਤੰਤਰਤਾ ਅਤੇ ਪ੍ਰਭੂਸਤਾ ਦੀ ਰਖਵਾਲੀ ਕਰਨ ਲਈ ਵੈਨਜ਼ੂਏਲਾ ਦੀ ਜਨਤਾ ਅਤੇ ਸਰਕਾਰ ਦਾ ਇਹ ਸੰਘਰਸ਼ ਸਾਮਰਾਜਵਾਦ ਅਤੇ ਸਾਮਰਾਜਵਾਦੀ ਜੰਗ ਦੇ ਖਿਲਾਫ ਦੁਨੀਆਂ ਦੇ ਲੋਕਾਂ ਦੇ ਸੰਘਰਸ਼ ਦਾ ਇੱਕ ਅਹਿਮ ਹਿੱਸਾ ਹੈ। ਮਜ਼ਦੂਰ ਏਕਤਾ ਲਹਿਰ, ਇਸ ਸੰਘਰਸ਼ ਦਾ ਪੂਰੇ ਤੌਰ ਤੇ ਸਮਰਥਨ ਕਰਦੀ ਹੈ। ■

## ਸ਼ਹੀਦੀ ਦਿਵਸ ...

ਸਫਾ 18 ਦੀ ਬਾਕੀ

ਰਹਿਣਗੇ। ਲੋਟੂ ਭਾਵੇਂ ਹਿੰਦੋਸਤਾਨੀ ਹੋਣ ਜਾਂ ਬਰਤਾਨਵੀ ਅਤੇ ਜਾਂ ਫਿਰ ਦੋਵਾਂ ਦਾ ਗਠਜੋੜ, ਸੰਘਰਸ਼ ਨੂੰ ਕੋਈ ਵੀ ਰੋਕ ਨਹੀਂ ਸਕਦਾ"। ਕਾਮਰੇਡ ਨੇ ਕਿਹਾ ਕਿ 1947 ਵਿਚ ਹਿੰਦੋਸਤਾਨ ਰਸਮੀ ਤੌਰ ਉਤੇ ਆਜ਼ਾਦ ਹੋ ਜਾਣ ਤੋਂ ਬਾਅਦ ਇਹ ਸੰਘਰਸ਼ ਇੱਕ ਦਿਨ ਲਈ ਵੀ ਬੰਦ ਨਹੀਂ ਹੋਇਆ, ਕਿਉਂਕਿ ਤਾਕਤ ਵਿਚ ਆਏ ਨਵੀਂ ਹਾਕਮ ਜਮਾਤ ਨੇ ਬਸਤੀਵਾਦ ਦੀ ਵਿਰਾਸਤ ਜਾਰੀ ਰੱਖੀ, ਜਾਣੀ ਕਿ ਹਿੰਦੋਸਤਾਨ ਦੇ ਕੁਦਰਤੀ ਸਾਧਨਾਂ ਅਤੇ ਕਿਰਤ ਸ਼ਕਤੀ ਦੀ ਲੁੱਟ ਜਾਰੀ ਰੱਖੀ। ਸ਼ਾਸਨ ਵਿਚ ਆਈਆਂ ਸਰਮਾਏਦਾਰਾਂ ਦੀਆਂ ਦੋਵਾਂ ਪਾਰਟੀਆਂ ਨੇ ਦੇਸੀ ਅਤੇ ਬਦੇਸ਼ੀ ਅਜਾਰੇਦਾਰ ਸਰਮਾਏਦਾਰਾਂ ਦੇ ਵੱਧ ਤੋਂ ਵੱਧ ਮੁਨਾਫੇ ਯਕੀਨੀ ਬਣਾਉਣ ਦਾ ਅਜੰਡਾ ਹੀ ਲਾਗੂ ਕੀਤਾ। ਆਪਣੇ ਹੱਕਾਂ ਵਾਸਤੇ ਸੰਘਰਸ਼ ਕਰਨ ਵਾਲੇ ਮਜ਼ਦੂਰਾਂ, ਕਿਸਾਨਾਂ, ਵੱਖ ਵੱਖ ਕੌਮਾਂ ਅਤੇ ਆਦੀਵਾਸੀਆਂ, ਔਰਤਾਂ ਅਤੇ ਨੌਜਵਾਨਾਂ ਉਤੇ ਹਰ ਕਿਸਮ ਦਾ ਤਸ਼ੱਦਦ ਵਰਤਣ ਤੋਂ ਜ਼ਰਾ ਵੀ ਸੰਕੋਚ ਨਹੀਂ ਕੀਤਾ। ਉਨ੍ਹਾਂ ਨੇ ਵੀ ਬਸਤੀਵਾਦੀਆਂ ਵਾਂਗ ਧਰਮ, ਜ਼ਾਤਾਂ, ਇਲਾਕੇ ਅਤੇ ਬੋਲੀ ਦੇ ਅਧਾਰ ਉਤੇ ਲੋਕਾਂ ਵਿਚ ਫੁੱਟ ਪਾਈ ਅਤੇ ਰਾਜਕੀ ਹਿੰਸਾ ਜਥੇਬੰਦ ਕੀਤੀ।

ਕਾਮਰੇਡ ਨੇ ਕਿਹਾ ਕਿ ਹਿੰਦੋਸਤਾਨ ਦੇ ਲੋਕਾਂ ਨੂੰ ਆਪਣੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਾਸਤੇ ਭਗਤ ਸਿੰਘ ਅਤੇ ਆਪਣੇ ਹੋਰ ਹਜ਼ਾਰਾਂ ਸ਼ਹੀਦਾਂ ਦੀ ਵਿਰਾਸਤ ਤੇ ਚੱਲਦਿਆਂ ਹੋਇਆਂ ਲੋਟੂ ਜਮਾਤਾਂ ਦੀਆਂ ਫੁੱਟ ਪਾਊ ਚਾਲਾਂ ਨੂੰ ਨਾਕਾਮ ਕਰਦਿਆਂ ਹੋਇਆਂ ਇਕਮੁੱਠ ਹੋ ਕੇ ਮਜ਼ਦੂਰ ਜਮਾਤ ਦੀ ਅਗਵਾਈ ਵਿਚ ਇੱਕ ਅਜੇਹਾ ਹਿੰਦੋਸਤਾਨੀ ਰਾਜਸੀ ਢਾਂਚਾ ਕਾਇਮ ਕਰਨਾ ਪਏਗਾ ਜਿਥੇ ਪ੍ਰਭੂਸਤਾ ਲੋਕਾਂ ਦੇ ਹੱਥ ਵਿਚ ਹੋਵੇ ਅਤੇ ਲੋਕ ਆਪਣੇ ਭਵਿੱਖ ਬਾਰੇ ਫੈਸਲੇ ਲੈਣ ਦੇ ਸਮਰੱਥ ਹੋਣ।

ਸਾਥੀ ਨੇ ਦੱਸਿਆ ਕਿ ਸਮੇਂ ਸਮੇਂ ਉਤੇ ਹਾਕਮ ਜਮਾਤਾਂ ਆਪਣਾ ਰਾਜ ਕਾਇਮ ਰੱਖਣ ਵਾਸਤੇ ਵੱਖ ਵੱਖ ਢੰਗ ਨਾਲ ਲੋਕਾਂ ਨੂੰ ਗੁਮਰਾਹ ਕਰਦੀਆਂ ਹਨ। ਇਸ ਸਮੇਂ ਹਾਕਮ ਜਮਾਤਾਂ ਦੀ ਇੱਕ ਧਿਰ ਆਮ ਆਦਮੀ ਪਾਰਟੀ ਅਤੇ ਕੇਜਰੀਵਾਲ ਨੂੰ ਅੱਗੇ ਲਿਆਉਣ ਵਾਸਤੇ ਪ੍ਰਚਾਰ ਕਰ ਰਹੀ ਹੈ ਕਿ ਇਹ ਪਾਰਟੀ ਭ੍ਰਿਸ਼ਟਾਚਾਰ ਨੂੰ ਖਤਮ ਕਰ ਦੇਵੇਗੀ। ਸਾਥੀ ਨੇ ਧਿਆਨ ਦੁਆਇਆ ਕਿ ਭ੍ਰਿਸ਼ਟਾਚਾਰ ਸਰਮਾਏਦਾਰਾ ਢਾਂਚੇ ਦਾ ਹਮਸਫਰ ਹੈ, ਜਿੰਨਾਂ ਚਿਰ ਸਰਮਾਏਦਾਰਾ ਰਾਜ ਕਾਇਮ ਹੈ ਉਨਾਂ ਚਿਰ ਭ੍ਰਿਸ਼ਟਾਚਾਰ ਦਾ ਖਤਮ ਹੋਣਾ ਅਸੰਭਵ ਹੈ, ਕਿਉਂਕਿ ਦੁਨੀਆਂ ਵਿਚ ਕਿਸੇ ਵੀ ਸਰਮਾਏਦਾਰਾ ਦੇਸ਼ ਵਿਚ ਦੇਖ ਲਓ, ਤੁਹਾਨੂੰ ਹਰ ਦੇਸ਼ ਵਿਚ ਭ੍ਰਿਸ਼ਟਾਚਾਰ ਨਜ਼ਰ ਆਵੇਗਾ। ਇਸ ਲਈ ਮਜ਼ਦੂਰ-ਕਿਸਾਨ ਹੀ ਭ੍ਰਿਸ਼ਟਾਚਾਰ ਨੂੰ ਖਤਮ ਕਰ ਸਕਦੇ ਹਨ....।

ਇਸ ਤੋਂ ਬਾਅਦ ਕੁੱਝ ਕਵਿਤਾਵਾਂ ਪੜੀਆਂ ਗਈਆਂ ਤੇ ਫੇਰ ਕਾਮਰੇਡ ਸਲਵਿੰਦਰ ਢਿਲੋਂ ਨੂੰ ਆਪਣੀ ਤਕਰੀਰ ਕਰਨ ਵਾਸਤੇ ਮੰਚ ਉਤੇ ਸੱਦਿਆ ਗਿਆ। ਕਾਮਰੇਡ ਸਲਵਿੰਦਰ ਢਿਲੋਂ ਨੇ ਸ਼ਹੀਦ ਭਗਤ ਸਿੰਘ ਦੇ ਨਜ਼ਰੀਏ ਬਾਰੇ ਗੱਲ ਬਾਤ ਕੀਤੀ। ਉਸਦੀ ਤਕਰੀਰ ਮੁੱਖ ਤੌਰ ਉਤੇ ਸ਼ਹੀਦ ਭਗਤ ਸਿੰਘ ਵਲੋਂ ਜੇਲ੍ਹ ਵਿਚੋਂ ਨੌਜਵਾਨਾਂ ਦੇ ਨਾਮ ਭੇਜੇ ਸੰਦੇਸ਼ ਉਤੇ ਅਧਾਰਤ ਸੀ। ਸਲਵਿੰਦਰ ਨੇ ਕਿਹਾ ਕਿ ਭਗਤ ਸਿੰਘ ਬਾਰੇ ਜ਼ਿਆਦਾਤਰ ਇਹੀ ਜਾਣਿਆਂ ਜਾਂਦਾ ਹੈ ਕਿ ਉਸਨੇ ਅਸੰਬਲੀ ਵਿਚ ਬੰਬ ਸੁਟਿਆ ਅਤੇ ਪੁਲੀਸ ਅਫਸਰ ਸਾਂਡਰਸ ਉਤੇ ਗੋਲੀ ਚਲਾਈ। ਪਰ ਉਸਦੇ ਅਹਿਮ ਸੰਦੇਸ਼ਾਂ ਬਾਰੇ ਕੁੱਝ ਨਹੀਂ ਦੱਸਿਆ ਜਾਂਦਾ। ਜਦ ਕਿ ਭਗਤ ਸਿੰਘ ਨੇ ਖੁਦ ਇਹ ਲਿਖਿਆ ਹੈ ਕਿ "ਮੇਰਾ ਕਹਿਣ ਦਾ ਮਤਲਬ ਹੈ ਕਿ ਸਿਰਫ ਬੰਬ ਸੁਟਣਾ ਨਾ ਸਿਰਫ ਫਜ਼ੂਲ ਹੀ ਹੈ ਬਲਕਿ ਕਈ ਬਾਰੀ ਨੁਕਸਾਨਦੇਹ ਵੀ ਹੁੰਦਾ ਹੈ"। ਭਗਤ ਸਿੰਘ ਦਾ ਮੁੱਖ ਸੰਦੇਸ਼ ਨੌਜਵਾਨਾਂ ਨੂੰ ਇਹੀ ਸੀ ਕਿ ਸੱਭ ਤੋਂ ਜ਼ਰੂਰੀ ਅਤੇ ਮੁਸ਼ਕਲ ਕੰਮ ਆਮ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਇਨਕਲਾਬ ਵਾਸਤੇ ਤਿਆਰ ਕਰਨਾ ਹੈ। ਉਸਨੇ ਕਿਹਾ ਸੀ ਕਿ ਮਜ਼ਦੂਰਾਂ ਨੂੰ ਹਰ ਸੰਭਵ ਤਰੀਕੇ ਨਾਲ ਆਪਣੇ ਮਿਸ਼ਨ ਵਾਸਤੇ ਤਿਆਰ ਕਰਨ ਦੀ ਲੋੜ ਹੈ, ਭਾਵੇਂ ਇਹ ਸਕੂਲ ਲਾ ਕੇ, ਤਕਰੀਰਾਂ ਰਾਹੀਂ ਜਾਂ ਕਿਸੇ ਹੋਰ ਢੰਗ ਨਾਲ ਕੀਤਾ ਜਾਵੇ। ਭਗਤ ਸਿੰਘ ਨੇ ਸਪੱਸ਼ਟ ਕੀਤਾ ਕਿ ਸਾਡਾ ਨਿਸ਼ਾਨਾ ਕੇਵਲ ਅੰਗਰੇਜ਼ਾਂ ਨੂੰ ਹਿੰਦੋਸਤਾਨ ਵਿਚੋਂ ਕੱਢ ਕੇ ਹਿੰਦੋਸਤਾਨੀ ਰਾਜ ਕਾਇਮ ਕਰਨਾ ਹੀ ਨਹੀਂ ਬਲਕਿ ਇੱਕ ਅਜੇਹਾ ਰਾਜ ਕਾਇਮ ਕਰਨਾ ਚਾਹੁੰਦੇ ਹਾਂ ਜਿੱਥੇ ਤਾਕਤ ਮਜ਼ਦੂਰਾਂ ਅਤੇ ਕਿਸਾਨਾਂ ਦੇ ਹੱਥਾਂ ਵਿਚ ਹੋਵੇ।

ਸਲਵਿੰਦਰ ਨੇ ਕਿਹਾ ਕਿ ਭਗਤ ਸਿੰਘ ਦਾ ਸੁਪਨਾ ਅਜੇ ਪੂਰਾ ਨਹੀਂ ਹੋਇਆ ਅਤੇ ਇਸ ਲਈ ਇਹ ਸੰਘਰਸ਼ ਅੱਜ ਤਕ ਵੀ ਜਾਰੀ ਹੈ।

ਅੰਤ ਵਿਚ ਸਲਵਿੰਦਰ ਨੇ ਬਰਤਾਨਵੀ ਸਰਕਾਰ ਦੇ ਮਨਿਸਟਰ ਮਾਈਕਲ ਗਰੋਵ ਵਲੋਂ ਇਥੇ ਦੇ ਸਕੂਲਾਂ ਵਿਚ ਬਸਤੀਵਾਦ ਦਾ ਇਤਿਹਾਸ ਪੜ੍ਹਉਣਾ ਸ਼ੁਰੂ ਕਰਨ ਦੀ ਨੀਤੀ ਬਾਰੇ ਦੱਸਿਆ ਕਿ ਬਰਤਾਨਵੀ ਸਰਕਾਰ ਵਲੋਂ ਇਹ ਇਤਿਹਾਸ ਸਲੇਬਸ ਵਿਚ ਰੱਖਣ ਦਾ ਮਕਸਦ ਸਾਡੇ ਬੱਚਿਆਂ ਅਤੇ ਨੌਜਵਾਨਾਂ ਵਿਚ ਆਪਣੇ ਪਿਛੋਕੜ ਬਾਰੇ ਘਟੀਆਪਨ ਦੇ ਵਿਚਾਰ ਪੈਦਾ ਕਰਨਾ ਹੈ। ਇਸ ਸਲੇਬਸ ਵਿਚ ਉਨ੍ਹਾਂ ਨੂੰ ਇਹ ਪੜ੍ਹਾਇਆ ਜਾਵੇਗਾ ਕਿ ਹਿੰਦੋਸਤਾਨ ਦੀ ਆਜ਼ਾਦੀ ਗਾਂਧੀ ਅਤੇ ਜਵਾਹਰ ਲਾਲ ਨਹਿਰੂ ਵਰਗੇ ਵਿਅਕਤੀਆਂ ਵਲੋਂ ਸੰਘਰਸ਼ ਦਾ ਨਤੀਜਾ ਹੈ ਅਤੇ ਸਾਡੇ ਅਸਲੀ ਸੂਰਬੀਰਾਂ ਨੂੰ ਅਸਲੀ ਰੌਸ਼ਨੀ ਵਿਚ ਨਹੀਂ ਪੇਸ਼ ਕੀਤਾ ਜਾਵੇਗਾ। ਸਲਵਿੰਦਰ ਨੇ ਦੱਸਿਆ ਕਿ ਆਪਣੀਆਂ ਅਗਲੀਆਂ ਪੀੜ੍ਹੀਆਂ ਨੂੰ ਆਪਣੇ ਗੌਰਵਮਈ ਇਤਿਹਾਸ ਤੋਂ ਜਾਣੂੰ ਕਰਵਾਉਣ ਦਾ ਕੰਮ ਸਾਡੇ ਉਤੇ ਹੈ।

ਉਸ ਤੋਂ ਬਾਅਦ ਕਾਮਰੇਡ ਜੀਤ ਸਿੰਘ ਨੇ ਤਕਰੀਰ ਕੀਤੀ। ਉਸ ਨੇ ਦੱਸਿਆ ਕਿ ਹਿੰਦੋਸਤਾਨ ਦੇ ਮੌਜੂਦਾ ਰਾਜ ਵਿਚ ਹਾਕਮ ਜਮਾਤਾਂ ਮਜ਼ਦੂਰਾਂ ਅਤੇ ਕਿਸਾਨਾਂ ਉਪਰ ਇੰਤਹਾ ਜ਼ੁਲਮ ਕਰ ਰਹੀਆਂ ਹਨ। ਲੋਕਾਂ ਦੇ ਹਾਲਾਤ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ। ਕਿਸਾਨ ਦੀ ਹਾਲਤ ਏਨੀ ਭੈੜੀ ਹੈ ਕਿ ਹੁਣ ਪੰਜਾਬ ਵਿਚ, ਜੋ ਪੂਰੇ ਹਿੰਦੋਸਤਾਨ ਵਾਸਤੇ ਅੰਨ ਪੈਦਾ ਕਰਦਾ ਹੈ, ਉਥੇ ਵੀ ਕਿਸਾਨ ਖੁਦਕਸ਼ੀਆਂ ਕਰ ਰਹੇ ਹਨ। ਹੁਣੇ ਜਿਹੇ ਹੀ ਅੰਮ੍ਰਿਤਸਰ ਵਿਚ ਪੁਲੀਸ ਨੇ ਕਿਸਾਨਾਂ ਦੀ ਰੈਲੀ ਉਤੇ ਤਸ਼ੱਦਦ ਕੀਤਾ ਹੈ।

ਕਾਮਰੇਡ ਜੀਤ ਨੇ ਕਿਹਾ ਕਿ ਭਗਤ ਸਿੰਘ ਦੀ ਸੋਚ ਅੱਜ ਵੀ ਹਿੰਦੋਸਤਾਨ ਵਿਚ ਕਾਇਮ ਹੈ ਅਤੇ ਕਸ਼ਮੀਰ, ਛੱਤੀਸਗੜ੍ਹ ਅਤੇ ਹੋਰ ਸੂਬਿਆਂ ਵਿਚ ਲੋਕ ਭਗਤ ਸਿੰਘ ਦੇ ਰਾਹ ਉਤੇ ਚੱਲਦੇ ਹੋਏ ਆਪਣੇ ਹੱਕਾਂ ਵਾਸਤੇ ਲੜ ਰਹੇ ਹਨ। ਲੋਕਾਂ ਦੀ ਇਹ ਲੜਾਈ ਨਕਸਲਵਾੜੀ ਦੇ ਸੰਘਰਸ਼ ਤੋਂ ਲੈ ਕੇ ਚਲ ਰਹੀ ਹੈ। ਉਸ ਨੇ ਕਿਹਾ ਕਿ ਉਹ ਦਿਨ ਦੂਰ ਨਹੀਂ ਜਦੋਂ ਹਿੰਦੋਸਤਾਨ ਦੇ ਲੋਕ ਭਗਤ ਸਿੰਘ ਦੇ ਰਾਹ ਉਤੇ ਚੱਲਦੇ ਹੋਏ ਅਸਲੀ ਅਜ਼ਾਦੀ ਪ੍ਰਾਪਤ ਕਰ ਲੈਣਗੇ।

ਇਸ ਤੋਂ ਬਾਅਦ ਸਤਨਾਮ ਲੱਲੀ ਨੇ ਇਨਕਲਾਬੀ ਗੀਤਾਂ ਨਾਲ ਰੰਗ ਬੰਨ੍ਹਿਆਂ, ਜੋ ਕਿ ਸਰੋਤਿਆਂ ਨੂੰ ਬਹੁਤ ਪਸੰਦ ਆਇਆ।

ਅਖੀਰ ਵਿਚ ਕੁੱਝ ਸਰੋਤਿਆਂ ਨੇ ਮੀਟਿੰਗ ਵਿਚ ਉਠਾਏ ਮੁੱਦਿਆਂ ਉਤੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਬੁਲਾਰਿਆਂ ਨੂੰ ਸਵਾਲ ਕੀਤੇ। ਇੱਕ ਸਰੋਤੇ ਨੇ ਕਿਹਾ ਉਸਨੂੰ ਇਹ ਪਹਿਲੀ ਵਾਰੀ ਪਤਾ ਲੱਗਾ ਹੈ ਕਿ ਭਗਤ ਸਿੰਘ ਅਤੇ ਬੀ.ਕੇ. ਦੱਤ ਵਲੋਂ ਅਸੰਬਲੀ ਵਿਚ ਸੁੱਟੇ ਗਏ ਬੰਬ ਫੋਕੇ ਸਨ। ਉਸਨੇ ਇਹ ਵੀ ਕਿਹਾ ਕਿ ਅੱਜ ਹਰ ਕਿਸਮ ਦੇ ਲੋਕ ਭਗਤ ਸਿੰਘ ਦਾ ਨਾਮ ਵਰਤਦੇ ਹਨ, ਕਾਂਗਰਸ, ਭਾਜਪਾ ਅਤੇ ਹੋਰ ਲੋਟੂ ਵੀ। ਇਸ ਉਤੇ ਟਿਪਣੀ ਕਰਦਿਆਂ ਕਾਮਰੇਡ ਦਲਵਿੰਦਰ ਨੇ ਕਿਹਾ ਕਿ ਮਹਾਨ ਸ਼ਖਸੀਅਤਾਂ ਦੇ ਜੀਵਨ ਕਾਲ ਵਿਚ ਹਾਕਮ ਜਮਾਤਾਂ ਉਨ੍ਹਾਂ ਉਤੇ ਜ਼ੁਲਮ ਕਰਦੀਆਂ ਹਨ, ਉਨ੍ਹਾਂ ਦਾ ਮਖੌਲ ਉਡਾਉਂਦੀਆਂ ਹਨ ਅਤੇ ਤੰਗ ਕਰਦੀਆਂ ਹਨ। ਪਰ ਉਨ੍ਹਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਨੂੰ ਇੱਕ ਬੁੱਤ ਦੀ ਸ਼ਕਲ ਦੇਣ ਦੀ ਕੋਸ਼ਿਸ਼ ਕਰਦੀਆਂ ਹਨ। ਭਗਤ ਸਿੰਘ ਅਤੇ ਉਸਦੇ ਸਾਥੀਆਂ ਨੂੰ ਕਾਂਗਰਸ ਪਾਰਟੀ ਨੇ ਅੱਤਵਾਦੀ, ਸਿਰ-ਫਿਰੇ ਹੋਰ ਕਈ ਕੁੱਝ ਕਿਹਾ, ਪਰ ਹੁਣ ਇਹ ਦਾਅਵਾ ਕਰ ਰਹੀ ਹੈ ਕਿ ਜੇਹੜੀ ਅਜ਼ਾਦੀ ਵਾਸਤੇ ਉਨ੍ਹਾਂ ਨੇ ਕੁਰਬਾਨੀਆਂ ਕੀਤੀਆਂ ਹਨ ਉਹ ਪ੍ਰਾਪਤ ਹੋ ਚੁੱਕੀ ਹੈ!

ਇਸ ਤੋਂ ਬਾਅਦ ਕਾਮਰੇਡ ਦਲਵਿੰਦਰ ਨੇ ਮੀਟਿੰਗ ਵਿਚ ਆਏ ਲੋਕਾਂ ਦਾ ਧੰਨਵਾਦ ਕੀਤਾ ਅਤੇ ਇੱਕ ਵਾਰੀ ਫੇਰ ਜ਼ੋਰ ਦਿੱਤਾ ਕਿ ਅੱਜ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ ਵਿਰਾਸਤ ਨੂੰ ਅੱਗੇ ਲੈ ਜਾਣ ਦੀ ਲੋੜ ਹੈ।

ਮੀਟਿੰਗ ਵਿਚ ਇੱਕ ਬਹੁਤ ਹੀ ਉਤਸ਼ਾਹ ਭਰਿਆ ਮਹੌਲ ਸੀ। ਮੀਟਿੰਗ ਖਤਮ ਹੋ ਜਾਣ ਤੋਂ ਬਾਅਦ ਕਾਫੀ ਦੇਰ ਤਕ ਲੋਕਾਂ ਵਿਚ ਮੀਟਿੰਗ ਵਿਚ ਉਠਾਏ ਗਏ ਮੁੱਦਿਆਂ ਉਤੇ ਚਰਚਾ ਚੱਲਦੀ ਰਹੀ। ■

RNI No. DELPUN/2009/29968, Postal Regd.No. DL (S)-01/3370/2013-15, Posting at NDPSO 11-12, Every Month, Publishing Date – Apr. 10, 2014

Mazdoor Ekta Lehar, Printed and Published by Madhusudhan Kasturi on behalf of Lok Awaz Publishers and Distributors., Printed at: Maa Printers, B-24/2, Okhla Industrial Area, Phase-2, New Delhi - 20, Published at: E-392, Sanjay Colony, Okhla Ph.-II, New Delhi - 110020, Editor: Chanderbhan, 9868721375

To ......................................
......................................
......................................
......................................

*ਅਧਿਕਾਰਾਂ ਲਈ ਸੰਘਰਸ਼*

# ਲੋਕੋ ਪਾਇਲਟਾਂ ਨੇ ਧਰਨਾ ਦਿੱਤਾ

ਆਲ ਇੰਡੀਆ ਲੋਕੋ ਰਨਿੰਗ ਸਟਾਫ ਐਸੋਸੀਏਸ਼ਨ ਦੀ ਅਗਵਾਈ ਵਿਚ ਉੱਤਰੀ ਮੰਡਲ ਦੇ ਰੇਲ ਚਾਲਕਾਂ ਨੇ ਆਪਣੀਆਂ ਮੰਗਾਂ ਨੂੰ ਲੈ ਕੇ 27 ਮਾਰਚ, 2014 ਨੂੰ ਦਿੱਲੀ ਦੇ ਸੰਸਦ 'ਤੇ ਧਰਨਾ ਦੇ ਕੇ ਮਹਾਪ੍ਰਬੰਧਕ ਨੂੰ ਮੰਗ ਪੱਤਰ ਦਿੱਤਾ। ਇਸੇ ਦਿਨ ਅਲੱਗ ਅਲੱਗ ਮਹਾਪ੍ਰਬੰਧਕਾਂ ਦੇ ਦਫ਼ਤਰਾਂ 'ਤੇ ਸੰਗਠਨਾਂ ਨੇ ਧਰਨੇ ਦਿੱਤੇ।

ਮੰਗਾਂ ਇਸ ਤਰ੍ਹਾਂ ਹਨਸ:

1. 36 ਘੰਟੇ ਵਿਚ ਵਾਪਸੀ ਦੀ ਨਿਗਰਾਨੀ ਲਾਗੂ ਕਰ ਕੇ ਰਨਿੰਗ ਕਰਮਚਾਰੀ ਹੈੱਡਕੁਆਰਟਰ ਵਾਪਿਸ ਬੁਲਾਇਆ ਜਾਵੇ।
2. ਰਨਿੰਗ ਕਰਮਚਾਰੀ -- ਲੋਕੋ ਪਾਇਲਟ ਗੁਡਸ (ਐਲ.ਪੀ.ਜੀ.) ਦੀ ਬੀ.ਆਰ.ਐਸ. ਦੇ ਤਹਿਤ ਲਾਗੂ ਸਕੀਮ ਵਿਚ ਪਿਛਲੇ ਤਿੰਨ ਵਰ੍ਹਿਆਂ ਤੋਂ ਭਰਤੀ ਨਹੀਂ ਕੀਤੀ ਗਈ। ਹਰੇਕ ਵਾਰ ਪ੍ਰੀਖਿਆ ਕਰਵਾ ਕੇ ਜਾਂ ਤਰੀਕ ਦੇ ਕੇ ਬਦਲੀ ਕਰ ਦਿੱਤੀ ਜਾ ਰਹੀ ਹੈ। ਇਸ ਨੂੰ ਤੁਰੰਤ ਕਰਵਾਇਆ ਜਾਵੇ।
3. ਦਿੱਲੀ ਮੰਡਲ ਵਿਚ 400 ਐਲ.ਪੀ.ਜੀ. ਦਾ ਪੈਨਲ ਬਣਾਇਆ ਜਾਵੇ। ਇਸ ਪੈਨਲ ਦੇ ਕਰਮਚਾਰੀਆਂ ਦਾ ਪ੍ਰਮੋਸ਼ਨ ਤੁਰੰਤ ਲਾਗੂ ਕਰਵਾਇਆ ਜਾਵੇ।
4. ਦਿੱਲੀ ਮੰਡਲ ਵਿਚ ਸ਼ਟਿੰਗ ਲੋਕੋ ਪਾਇਲਟ ਵਿਚ ਖਾਲ਼ੀ ਅਸਾਮੀਆਂ ਨੂੰ ਫੌਰਨ ਭਰਿਆ ਜਾਵੇ।
5. ਮੁਰਾਦਾਬਾਦ ਮੰਡਲ ਦਾ ਲੋਕੋ ਪਾਇਲਟ ਮੇਲ ਟ੍ਰੇਨ ਲੈ ਕੇ ਲਖਨਊ ਜਾਂਦਾ ਹੈ, ਉਨ੍ਹਾਂ ਤੋਂ ਸ਼ਟਿੰਗ ਕਰਵਾਉਣਾ ਤੁਰੰਤ ਬੰਦ ਕਰਵਾਇਆ ਜਾਵੇ।
6. ਲਖਨਊ ਮੰਡਲ ਵਿਚ ਲੋਕੋ ਪਾਇਲਟ ਨੂੰ ਮਾਲਗੱਡੀ ਸੰਚਾਲਨ ਦੇ ਦੌਰਾਨ, 5-6 ਦਿਨ ਹੈਡਕੁਆਰਟਰ ਤੋਂ ਬਾਹਰ ਰੱਖਿਆ ਜਾਂਦਾ ਹੈ। ਤਦ ਕਈ-ਕਈ ਵਾਰ ਹੈੱਡਕੁਆਰਟਰ ਪਾਸ ਕਰਾਇਆ ਜਾਂਦਾ ਹੈ। ਇਸ 'ਤੇ ਤੁਰੰਤ ਰੋਕ ਲਗਾਈ ਜਾਵੇ।
7. ਲਖਨਊ ਮੰਡਲ ਵਿਚ ਲਗਭਗ 300 ਅਸਾਮੀਆਂ ਐਲ.ਪੀ.ਜੀ., ਐਲ.ਪੀ.ਪੀ., ਐਲ. ਵਪੀ.ਐਮ. ਅਤੇ 100 ਅਸਾਮੀਆਂ ਸ਼ਟਿੰਗ ਲੋਕੋ ਪਾਇਲਟ ਦੀਆਂ ਖਾਲ਼ੀ ਹਨ। ਇਨ੍ਹਾਂ ਅਸਾਮੀਆਂ ਨੂੰ ਬਿਨਾ ਦੇਰੀ ਦੇ ਭਰਿਆ ਜਾਵੇ।
8. ਅੰਬਾਲਾ ਮੰਡਲ ਵਿਚ ਖਾਲ਼ੀ ਪਈਆਂ 40 ਫੀਸਦੀ ਅਸਾਮੀਆਂ ਨੂੰ ਜਲਦੀ ਹੀ ਭਰਿਆ ਜਾਵੇ ਜਿਸ ਨਾਲ ਸੁਰੱਖਿਅਤ ਸਮਾਂਬੱਧ ਯਾਤਰਾ ਯਕੀਨੀ ਬਣਾਈ ਜਾ ਸਕੇ।
9. ਅੰਬਾਲਾ ਮੰਡਲ ਵਿਚ ਲੋ.ਪਾ. ਗੁਡਸ ਦਾ ਪ੍ਰਮੋਸ਼ਨ 'ਤੇ ਬਦਲੀ ਨੂੰ ਰੋਕਿਆ ਜਾਵੇ ਅਤੇ ਜੋ ਲੋਕੋ ਪਾਇਲਟ ਬਦਲੀ ਕੀਤੇ ਗਏ ਹਨ, ਉਨ੍ਹਾਂ ਨੂੰ ਮੁੱਢਲੀ ਲਾਬੀ ਵਿਚ ਵਾਪਿਸ ਬੁਲਾਇਆ ਜਾਵੇ।
10. ਉ.ਰੇ. ਦੇ ਅਲੱਗ ਅਲੱਗ ਮੰਡਲਾਂ ਵਿਚ ਛੋਟੇ ਸਟੇਸ਼ਨਾਂ ਵਿਚ ਜਿੱਥੇ ਕਿਊ ਸਪੇਅਰ ਭੇਜਿਆ ਜਾਂਦਾ ਹੈ। ਉਥੇ ਬਾਕਸ ਬੁਆਏ ਜਾਂ ਪੋਰਟਰ ਦੀ ਵਿਵਸਥਾ ਕੀਤੀ ਜਾਵੇ ■




ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ ਦੀ ਕੇਂਦਰੀ ਕਮੇਟੀ ਦਾ ਅਖ਼ਬਾਰ

**ਮਜਦੂਰ ਏਕਤਾ ਲਹਿਰ**

(ਮਾਸਕ)

ਮੁੱਲ 5 ਰੁ. ਸਲਾਨਾ 100 ਰੁ.

*ਮਨੀ ਆਡਰ ਭੇਜਣ ਲਈ ਪਤਾ:*
ਚੰਦਰਭਾਨ,
ਲੋਕ ਅਵਾਜ਼ ਪਬਲਿਸ਼ਰਜ਼ ਐਂਡ ਡਸਟ੍ਰੀਬਿਊਟਰਜ਼,
ਈ-392 ਸੰਜੇ ਕਲੋਨੀ, ਓਖਲਾ
ਫੇਜ਼ 2, ਨਵੀਂ ਦਿਲੀ 110020